# Government Ranbir College, Sangrur



## Supportive Documents

## Criterion-2

## Sub-Criterion-2.6.1

# ਸਾਲਾਨਾ ਇਨਾਮ ਵੰਡ ਸਮਾਰੋਹ

(2019-20, 2020-21)

# ਸਾਲਾਨਾ ਰਿਪੋਰਟ - 2022-23

## Annual Report - 2022-23

# ਸਰਕਾਰੀ ਰਣਬੀਰ ਕਾਲਜ, ਸੰਗਰੂਰ


ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਤ

# GOVT. RANBIR COLLEGE, SANGRUR

Affiliated to Punjabi University, Patiala

13 ਮਈ 2023





# ਕਾਲਜ ਸ਼ਬਦ

ਦੇਹ ਸਿਵਾ ਬਰੁ ਮੋਹਿ ਇਹੈ

O lord, grant me this boon,

ਸੁਭ ਕਰਮਨ ਤੇ ਕਬਹੂੰ ਨ ਟਰੋਂ॥

May I never refrain from righteous acts.

ਨ ਡਰੋਂ ਅਰਿ ਸੋ ਜਬ ਜਾਇ ਲਰੋਂ

That I might without fear of all foes,

ਨਿਸਚੈ ਕਰਿ ਅਪੁਨੀ ਜੀਤ ਕਰੋਂ॥

and with firm resolve claim victory.

ਅਰੁ ਸਿਖਹੋਂ ਆਪਨੇ ਹੀ ਮਨ ਕੌ

May the directive of Thy glory guide my mind,

ਇਹ ਲਾਲਚ ਹਉ ਗੁਨ ਤਉ ਉਚਰੋਂ॥

and my highest ambition be to sing Thy praises.

ਜਬ ਆਵ ਕੀ ਅਉਧ ਨਿਦਾਨ ਬਨੈ

When the time comes, for this mortal life to end,

ਅਤਿ ਹੀ ਰਨ ਮੈਂ ਤਬ ਜੂਝ ਮਰੋਂ॥231॥

May I die on the battlefield fighting courageously.

–ਗੁਰੂ ਗੋਬਿੰਦ ਸਿੰਘ ਜੀ

**-Guru Gobind Singh Ji**

# ਕਾਲਜ ਬਾਰੇ

ਜੀਂਦ ਦੇ ਮਹਾਰਾਜੇ ਸਰਦਾਰ ਰਣਬੀਰ ਸਿੰਘ ਦੇ ਸੁਪਨੇ ਨੂੰ ਸਾਕਾਰ ਕਰਦਾ ਹੋਇਆ 'ਇੰਟਰਮੀਡੀਏਟ ਕਾਲਜ' ਵਜੋਂ ਹੋਂਦ ਵਿਚ ਆਇਆ 'ਸਰਕਾਰੀ ਰਣਬੀਰ ਕਾਲਜ' ਸੰਗਰੂਰ 1939 ਈ. ਤੋਂ ਆਲੇ-ਦੁਆਲੇ ਵਿਚ ਵਿਦਿਆ ਦਾ ਚਾਨਣ ਵੰਡ ਰਿਹਾ ਹੈ। ਵਿਕਾਸ ਦੀਆਂ ਅਮਿੱਟ ਪੈੜ੍ਹਾਂ ਨੂੰ ਸਰ ਕਰਦਾ ਇਹ ਕਾਲਜ 1943 ਈ. ਵਿਚ ਡਿਗਰੀ ਕਾਲਜ ਬਣਿਆ। ਫਿਰ 1963 ਈ. ਵਿਚ ਲੜਕੀਆਂ ਦੇ ਕਾਲਜ ਨੂੰ ਇਸ ਵਿਚ ਸਮਲਿਤ ਕਰ ਕੇ ਇਹ ਸਹਿ-ਵਿਦਿਅਕ ਸੰਸਥਾ ਵਜੋਂ ਪ੍ਰਵਾਨ ਚੜ੍ਹਿਆ। ਆਪਣੀ ਸਥਾਪਨਾ ਸਮੇਂ ਭਾਵੇਂ ਇਹ ਕਾਲਜ ਪੰਜਾਬ ਯੂਨੀਵਰਸਿਟੀ, ਪਟਿਆਲਾ ਅਤੇ ਇਲਾਕੇ ਦੇ ਲੋਕਾਂ ਨੂੰ ਹਮੇਸ਼ਾ ਸਰਕਾਰੀ ਰਣਬੀਰ ਕਾਲਜ, ਸੰਗਰੂਰ ਦੀਆਂ ਅਕਾਦਮਿਕ, ਸਹਿ-ਵਿਦਿਅਕ ਅਤੇ ਖੇਡ ਪ੍ਰਾਪਤੀਆਂ ਤੇ ਨਾਜ਼ ਰਿਹਾ ਹੈ।

ਪੰਜਾਬ ਦੀਆਂ ਸਿਰਮੌਰ ਸੰਸਥਾਵਾਂ ਵਿਚ ਗਿਣੇ ਜਾਣ ਵਾਲੇ ਸਰਕਾਰੀ ਰਣਬੀਰ ਕਾਲਜ, ਸੰਗਰੂਰ ਦਾ ਵਿਸ਼ਾਲ ਹਰਿਆ-ਭਰਿਆ ਚੌਗਿਰਦਾ 26.42 ਏਕੜ ਰਕਬੇ ਵਿਚ ਫੈਲਿਆ ਹੋਇਆ ਹੈ। ਅਕਾਦਮਿਕ ਸੈਸ਼ਨ 2022-23 ਦੌਰਾਨ ਕਾਲਜ ਵਿਚ ਕੁੱਲ 3408 ਵਿਦਿਆਰਥੀ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਕਲਾਸਾਂ ਵਿਚ ਦਾਖਲ ਹੋਏ, ਜਿਨ੍ਹਾਂ ਵਿੱਚ 1903 ਲੜਕੇ ਅਤੇ ਲੜਕੀਆਂ ਦੀ ਗਿਣਤੀ 1505 ਰਹੀ। ਇਸ ਕਾਲਜ ਵਿਖੇ ਸਾਇੰਸ, ਕਾਮਰਸ ਅਤੇ ਆਰਟਸ ਦੀ ਸਿੱਖਿਆ ਗਰੈਜੂਏਟ ਪੱਧਰ 'ਤੇ ਅਤੇ ਅੰਗਰੇਜ਼ੀ, ਪੰਜਾਬੀ, ਰਾਜਨੀਤੀ-ਸ਼ਾਸਤਰ ਵਿਸ਼ੇ ਵਿਚ ਪੋਸਟ ਗਰੈਜੂਏਟ ਪੱਧਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਫਿਲਾਸਫ਼ੀ, ਰਾਜਨੀਤੀ-ਸ਼ਾਸਤਰ ਅਤੇ ਇਕਨਾਮਿਕਸ ਵਿਸ਼ਿਆਂ ਵਿਚ ਆਨਰਜ਼ ਦੀ ਸੁਵਿਧਾ ਉਪਲੱਬਧ ਹੈ। ਸੈਲਫ਼ ਫਾਇਨੈਂਸਿੰਗ ਸਕੀਮ ਅਧੀਨ ਐਮ.ਐਸ-ਸੀ. (ਆਈ.ਟੀ.) ਮੇਨ/ਲੇਟਰਲ, ਬੀ.ਬੀ.ਏ., ਬੀ.ਸੀ.ਏ., ਪੀ.ਜੀ.ਡੀ.ਸੀ.ਏ. ਦੀਆਂ ਕਲਾਸਾਂ ਅਤੇ ਹੌਸਪੀਟੈਲਿਟੀ ਡਿਪਲੋਮਾ ਇੰਨ ਫੂਡ ਪ੍ਰੋਡਕਸ਼ਨ ਵੀ ਕਾਮਯਾਬੀ ਨਾਲ ਚੱਲ ਰਿਹਾ ਹੈ। ਇਸ ਵਾਰ ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ ਦੀ ਸਹਾਇਤਾ ਨਾਲ ਸਕਿੱਲ ਓਰੀਐਂਟਡ ਕੋਰਸ (ਸਰਟੀਫਿਕੇਟ ਕੋਰਸ) ਕਰੀਏਟਿਵ ਰਾਈਟਿੰਗ ਐਂਡ ਕੋਨਟੈਂਟ ਡਵੈਲਪਮੈਂਟ, ਸੋਫਟਵੇਅਰ ਡਵੈਲਪਮੈਂਟ ਐਂਡ ਪ੍ਰੋਗਰਾਮਿੰਗ, ਇੰਟਰਪ੍ਰਨਿਉਰਸ਼ਿਪ, ਕਰੀਏਟਿਵਿਟੀ ਐਂਡ ਇਨੋਵੇਸ਼ਨ ਇੰਨ ਬਿਜ਼ਨਸ ਆਦਿ ਨਵੇਂ ਕੋਰਸ ਸ਼ੁਰੂ ਕੀਤੇ ਗਏ ਹਨ।

# ਸਾਲਾਨਾ ਇਨਾਮ ਵੰਡ ਸਮਾਰੋਹ - 2019-20, 2020-21

## 13 ਮਈ, 2023 (ਸ਼ਨੀਵਾਰ)

## ਸਾਲਾਨਾ ਰਿਪੋਰਟ 2022-23

ਸਤਿਕਾਰਯੋਗ !

ਅੱਜ ਦੇ ਮੁੱਖ ਮਹਿਮਾਨ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਜੀਓ! ਅਤੇ ਵਿਸ਼ੇਸ਼ ਮਹਿਮਾਨ ਡਾ. ਪਰਮਿੰਦਰ ਸਿੰਘ ਜੀਓ! ਆਪ ਦੋਵਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਸਵਾਗਤ, 'ਜੀ ਆਇਆਂ ਨੂੰ'।

ਅਜ਼ੀਜ਼ ਹਾਜ਼ਰੀਨ!

ਸ਼੍ਰੀਮਤੀ ਨਰਿੰਦਰ ਕੌਰ ਭਰਾਜ ਜੀ ਸੰਗਰੂਰ ਵਿਧਾਨ ਸਭਾ ਹਲਕੇ ਤੋਂ ਸਾਡੇ ਹਰਮਨ ਪਿਆਰੇ ਵਿਧਾਇਕ ਹਨ। ਉਨ੍ਹਾਂ ਦਾ ਜਨਮ 17 ਅਗਸਤ 1994 ਨੂੰ ਸੰਗਰੂਰ ਹਲਕੇ ਦੇ ਛੋਟੇ ਜਿਹੇ ਪਿੰਡ ਭਰਾਜ ਵਿਖੇ ਇੱਕ ਛੋਟੇ ਜਿਹੇ ਕਿਸਾਨ ਪਰਿਵਾਰ ਵਿੱਚ ਹੋਇਆ। ਉਨ੍ਹਾ ਪਹਿਲੀ ਤੋਂ ਪੰਜਵੀਂ ਤੱਕ ਦੀ ਪੜਾਈ ਭਰਾਜ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਕੀਤੀ ਅਤੇ ਛੇਵੀ ਤੋਂ ਬਾਰਵੀ ਕਲਾਸ ਦੀ ਪੜਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚੰਨੋ ਵਿਖੇ ਕੀਤੀ, ਇਸ ਤੋਂ ਬਾਅਦ ਵੂਮੈਨ ਕਾਲਜ, ਪਟਿਆਲਾ ਵਿਖੇ ਬੀ.ਏ. ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਐਮ.ਏ. ਕੀਤੀ ਅਤੇ ਫਿਰ ਭਾਈ ਗੁਰਦਾਸ ਕਾਲਜ ਤੇ ਵਕਾਲਤ ਦੀ ਪੜਾਈ ਪੂਰੀ ਕੀਤੀ। ਰਾਜਨੀਤੀ ਵਿੱਚ ਉਨ੍ਹਾ ਦੀ ਸ਼ੁਰੂਆਤ 2014 ਵਿੱਚ ਹੋਈ ਜਦੋਂ ਉਨ੍ਹਾਂ ਦੀ ਉਮਰ ਮਹਿਜ 17-18 ਸਾਲ ਸੀ। ਇਸ ਸਮੇਂ ਦੌਰਾਨ ਉਨ੍ਹਾਂ ਰਾਜਨੀਤਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਸ਼ਿਰਕਤ ਕਰਨੀ ਸ਼ੁਰੂ ਕੀਤੀ ਅਤੇ ਉਨ੍ਹਾ ਦੇ ਬੋਲ ਲੋਕਾਂ ਨੂੰ ਬੜੇ ਸਿਆਣੇ ਅਤੇ ਚੰਗੇ ਲੱਗੇ। ਸਿਆਸਤ ਵਿੱਚ ਉਨ੍ਹਾ ਦਾ ਚਿਹਰਾ ਨੌਜਵਾਨ ਲੀਡਰ ਵਜੋ ਉਭਰ ਕੇ ਆਇਆ ਅਤੇ ਪਾਰਟੀ ਨੇ ਉਨ੍ਹਾਂ ਨੂੰ ਸੰਗਰੂਰ ਜਿਲ੍ਹੇ ਦੀ ਯੂਥ ਪ੍ਰਧਾਨ ਦਾ ਅਹੁਦਾ ਸੌਂਪਿਆ ਜਦਕਿ ਬਾਕੀ ਸਾਰੇ ਜਿਲਿਆ ਵਿੱਚ ਲੜਕੇ ਪ੍ਰਧਾਨ ਸੀ ਪਰ ਸੰਗਰੂਰ ਦੇ ਯੂਥ ਦੀ ਅਗਵਾਈ ਨਰਿੰਦਰ ਨੇ ਕੀਤੀ ਅਤੇ ਪਾਰਟੀ ਨੇ ਉਨ੍ਹਾਂ ਨੂੰ ਹੋਰ ਵੀ ਕਾਫੀ ਜ਼ਿੰਮੇਵਾਰੀਆਂ ਦਿੱਤੀਆਂ। 2017 ਵਿੱਚ ਪਾਰਟੀ ਨੇ ਸੰਗਰੂਰ ਹਲਕੇ 'ਤੇ ਉਨ੍ਹਾਂ ਨੂੰ ਉਮੀਦਵਾਰ ਬਣਾਉਣਾ ਚਾਹਿਆ ਪਰ ਉਨ੍ਹਾਂ ਦੀ ਉਮਰ ਕਾਨੂੰਨੀ ਪ੍ਰਕਿਰਿਆ ਅਨੁਸਾਰ ਘੱਟ ਸੀ ਪਰ ਨਰਿੰਦਰ ਕੌਰ ਭਰਾਜ ਨੇ 2017 ਅਤੇ 2019 ਲੋਕ ਸਭਾ ਚੋਣਾਂ ਵਿੱਚ ਬਹੁਤ ਤਕੜਾ ਚੋਣ ਪ੍ਰਚਾਰ ਕੀਤਾ ਅਤੇ ਉਨ੍ਹਾ ਦਾ ਨਾਮ ਪਾਰਟੀ ਦੇ ਸਟਾਰ ਪ੍ਰਚਾਰਕਾਂ ਵਿੱਚ ਆ ਜੁੜਿਆ ਪਾਰਟੀ ਵੱਲੋ ਪਿਛਲੀਆਂ ਸਰਕਾਰਾਂ ਖਿਲਾਫ ਕੀਤੇ ਹਰ ਪ੍ਰਦਰਸ਼ਨ ਵਿੱਚ ਨਰਿੰਦਰ ਕੌਰ ਭਰਾਜ ਨੇ ਸਭ ਤੋਂ ਅੱਗੇ ਹੋ ਕੇ ਅਗਵਾਈ ਕੀਤੀ ਅਤੇ ਹਰ ਧੱਕੇਸ਼ਾਹੀ ਖਿਲਾਫ ਸੰਗਰੂਰ ਵਿੱਚ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਹਰ ਇਕ ਦੇ ਦੁੱਖ ਸੁੱਖ ਵਿੱਚ ਹਿੱਸਾ ਪਾਇਆ। 2022 ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੇ ਉਨ੍ਹਾ ਨੂੰ ਸੰਗਰੂਰ ਹਲਕੇ ਤੋਂ ਟਿਕਟ ਦਿੱਤੀ ਤਾਂ ਲੋਕਾ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ। ਉਨ੍ਹਾਂ ਸੰਗਰੂਰ ਤੋਂ ਐਮ.ਐਲ.ਏ. ਬਣਨ ਦਾ ਮਾਣ ਹਾਸਿਲ ਕੀਤਾ। ਨਰਿੰਦਰ ਕੌਰ ਭਰਾਜ ਇਸ ਵਾਰ ਦੇ ਵਿਧਾਇਕਾਂ ਵਿੱਚੋ ਪੰਜਾਬ ਦੀ ਸਭ ਤੋਂ ਛੋਟੀ ਉਮਰ ਦੇ ਵਿਧਾਇਕ ਹਨ। ਨਰਿੰਦਰ ਕੌਰ ਭਰਾਜ ਹਮੇਸ਼ਾਂ ਕਹਿੰਦੇ ਹਨ ਕਿ ਮੇਰੀ ਤਾਕਤ ਸਿਰਫ ਮੇਰੇ ਲੋਕ ਹਨ।

ਸਾਡੇ ਅੱਜ ਦੇ ਵਿਸ਼ੇਸ਼ ਮਹਿਮਾਨ ਡਾ. ਪਰਮਿੰਦਰ ਸਿੰਘ, ਪ੍ਰਿੰਸੀਪਲ ਸਰਕਾਰੀ ਸਟੇਟ ਕਾਲਜ ਆਫ ਐਜੂਕੇਸ਼ਨ, ਪਟਿਆਲਾ, ਸਾਬਕਾ ਡਿਪਟੀ ਡੀ.ਪੀ.ਆਈ. (ਕਾਲਜਾਂ) ਪੰਜਾਬ। ਆਪ ਜੀ ਇਸ ਅਹੁੱਦੇ ਤੇ ਪਹੁੰਚਣ ਤੋਂ ਪਹਿਲਾਂ ਸਰਕਾਰੀ ਕਾਲਜ ਪੱਟੀ ਤੋਂ ਲੈ ਕੇ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ, ਸੁਨਾਮ ਵਿਖੇ ਲਗਾਤਾਰ 28 / 30 ਸਾਲ ਤੱਕ ਇਤਿਹਾਸ ਵਿਸ਼ੇ ਦੇ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਉਂਦੇ ਰਹੇ ਹਨ। ਪਦਉਨਤ ਹੋਣ ਉਪਰੰਤ ਇਸ ਸੰਸਥਾ ਦੇ ਪ੍ਰਿੰਸੀਪਲ ਰਹੇ ਫਿਰ ਡਿਪਟੀ ਡੀ.ਪੀ.ਆਈ. (ਕਾਲਜਾਂ) ਬਣੇ ਫਿਰ ਸਟੇਟ ਕਾਲਜ ਦੇ ਪ੍ਰਿੰਸੀਪਲ ਬਣੇ। ਆਪ ਜੀ ਨੂੰ ਵਿਸ਼ੇ ਦੇ ਨਾਲ ਨਾਲ ਪ੍ਰਸ਼ਾਸਕੀ ਸੇਵਾਵਾਂ ਦਾ ਚੰਗਾ ਤਜ਼ਰਬਾ ਹੈ। ਆਪ ਦੋਵਾਂ ਦੇ ਕਰ ਕਮਲਾਂ ਤੋਂ ਇਨਾਮ ਲੈ ਕੇ ਅਤੇ ਸਨਮਾਨਿਤ ਹੋ ਕੇ ਵਿਦਿਆਰਥੀ ਮਾਣ ਮਹਿਸੂਸ ਕਰਨਗੇ।

ਹੁਣ ਮੈਂ, ਆਪ ਸਭ ਦੇ ਸਨਮੁੱਖ ਸੈਸ਼ਨ 2022-23 ਦੀ ਸਾਲਾਨਾ ਰਿਪੋਰਟ ਪੇਸ਼ ਕਰਨ ਦਾ ਮਾਣ ਲੈ ਰਿਹਾ ਹਾਂ। ਜੀਂਦ ਦੇ ਮਹਾਰਾਜੇ ਸਰਦਾਰ ਰਣਬੀਰ ਸਿੰਘ ਦੇ ਸੁਪਨੇ ਨੂੰ ਸਾਕਾਰ ਕਰਦਾ ਹੋਇਆ 'ਇੰਟਰਮੀਡੀਏਟ ਕਾਲਜ' ਵਜੋਂ ਹੋਂਦ ਵਿੱਚ ਆਇਆ 'ਸਰਕਾਰੀ ਰਣਬੀਰ ਕਾਲਜ' ਸੰਗਰੂਰ 1939 ਈ. ਤੋਂ ਆਲੇ-ਦੁਆਲੇ ਵਿੱਚ ਵਿਦਿਆ ਦਾ ਚਾਨਣ ਵੰਡ ਰਿਹਾ ਹੈ। ਵਿਕਾਸ ਦੀਆਂ ਅਮਿੱਟ ਪੈੜਾਂ ਨੂੰ ਸਰ ਕਰਦਾ ਇਹ ਕਾਲਜ 1943 ਈ. ਵਿੱਚ ਡਿਗਰੀ ਕਾਲਜ ਬਣਿਆ। ਫਿਰ 1963 ਈ. ਵਿੱਚ ਲੜਕੀਆਂ ਦੇ ਕਾਲਜ ਨੂੰ ਇਸ ਵਿੱਚ ਸਮਲਿਤ ਕਰ ਕੇ ਇਹ ਸਹਿ ਵਿਦਿਅਕ ਸੰਸਥਾ ਵਜੋਂ ਪ੍ਰਵਾਨ ਚੜ੍ਹਿਆ। ਆਪਣੀ ਸਥਾਪਨਾ ਸਮੇਂ ਭਾਵੇਂ ਇਹ ਕਾਲਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ

ਜੁੜਿਆ ਰਿਹਾ, ਅੱਜ-ਕੱਲ ਇਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਜੁੜਿਆ ਹੋਇਆ ਹੈ। ਪੰਜਾਬੀ ਯੂਨੀਵਰਸਿਟੀ, ਪਟਿ
ਅਤੇ ਇਲਾਕੇ ਦੇ ਲੋਕਾਂ ਨੂੰ ਹਮੇਸ਼ਾ ਸਰਕਾਰੀ ਰਣਬੀਰ ਕਾਲਜ, ਸੰਗਰੂਰ ਦੀਆਂ ਅਕਾਦਮਿਕ, ਸਹਿ-ਵਿਦਿਅਕ, ਖੇਡ ਪ੍ਰਾਪਤੀਆਂ ਅ
ਪ੍ਰਾਪਤੀਆਂ 'ਤੇ ਨਾਜ਼ ਰਿਹਾ ਹੈ।

ਪੰਜਾਬ ਦੀਆਂ ਸਿਰਮੌਰ ਸੰਸਥਾਵਾਂ ਵਿੱਚ ਗਿਣੇ ਜਾਣ ਵਾਲੇ ਸਰਕਾਰੀ ਰਣਬੀਰ ਕਾਲਜ, ਸੰਗਰੂਰ ਦਾ ਵਿਸ਼ਾਲ ਹਰਿਆ-ਭ
ਚੌਗਿਰਦਾ 26.42 ਏਕੜ ਰਕਬੇ ਵਿੱਚ ਫੈਲਿਆ ਹੋਇਆ ਹੈ। ਅਕਾਦਮਿਕ ਸੈਸ਼ਨ 2022-23 ਦੌਰਾਨ ਕਾਲਜ ਵਿੱਚ ਕੁੱਲ 3
ਵਿਦਿਆਰਥੀ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਕਲਾਸਾਂ ਵਿੱਚ ਦਾਖਲ ਹੋਏ ਜਿਨ੍ਹਾਂ ਵਿੱਚ 1903 ਲੜਕੇ ਅਤੇ 1505 ਲੜਕ
ਹਨ। ਜਨਰਲ ਕੈਟਾਗਿਰੀ ਵਿੱਚ 964 ਵਿਦਿਆਰਥੀ, ਐਸ.ਸੀ. ਕੈਟਾਗਿਰੀ ਵਿੱਚ 1868 ਵਿਦਿਆਰਥੀ, ਓ.ਬੀ.ਸੀ. ਕੈਟਾਗਿਰੀ
576 ਵਿਦਿਆਰਥੀ ਹਨ। ਇਸ ਕਾਲਜ ਵਿਖੇ ਸਾਇੰਸ, ਕਾਮਰਸ ਅਤੇ ਆਰਟਸ ਦੀ ਸਿੱਖਿਆ ਗਰੈਜੂਏਟ ਪੱਧਰ 'ਤੇ ਅਤੇ ਅੰਗ
ਪੰਜਾਬੀ, ਰਾਜਨੀਤੀ-ਸ਼ਾਸਤਰ ਵਿਸ਼ੇ ਵਿੱਚ ਪੋਸਟ ਗਰੈਜੂਏਟ ਪੱਧਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਫਿਲਾ
ਰਾਜਨੀਤੀ-ਸ਼ਾਸਤਰ ਅਤੇ ਇਕਨਾਮਿਕਸ ਵਿਸ਼ਿਆ ਵਿੱਚ ਆਨਰਜ਼ ਦੀ ਸੁਵਿਧਾ ਉਪਲੱਬਧ ਹੈ। ਸੈਲਫ ਫਾਇਨੈਂਸਿੰਗ ਸਕੀਮ ਅ
ਐਮ.ਐਸ-ਸੀ. (ਆਈ.ਟੀ.) ਮੇਨ/ਲੇਟਰਲ, ਬੀ.ਬੀ.ਏ., ਬੀ.ਸੀ.ਏ., ਪੀ.ਜੀ.ਡੀ.ਏ. ਦੀਆਂ ਕਲਾਸਾਂ ਅਤੇ ਹੌਸਪੀਟੈਲਿਟੀ ਡਿਪ
ਇਨ ਫੂਡ ਪ੍ਰੋਡਕਸ਼ਨ ਵੀ ਕਾਮਯਾਬੀ ਨਾਲ ਚੱਲ ਰਿਹਾ ਹੈ।

ਪ੍ਰਿੰਸੀਪਲ ਸੁਖਬੀਰ ਸਿੰਘ ਨੇ ਮਿਤੀ 31-08-2020 ਨੂੰ ਕਾਲਜ ਦੀ ਵਾਗਡੋਰ ਸੰਭਾਲੀ। ਉਹਨਾਂ ਨੂੰ ਪੰਜਾਬੀ ਯੂਨੀਵਰਸਿ
ਪਟਿਆਲਾ ਦੇ ਸੈਨੇਟ ਅਤੇ ਸਿੰਡੀਕੇਟ ਮੈਂਬਰ ਨਾਮਜ਼ਦ ਹੋਣ ਦੇ ਨਾਲ-ਨਾਲ ਮਾਲਵੇ ਨਾਲ ਸੰਬੰਧਤ ਲੁਧਿਆਣਾ, ਬਠਿੰਡਾ, ਮਾਨਸਾ, ਸੰ
ਜ਼ਿਲ੍ਹਿਆਂ ਦੇ ਪੌਣੀ ਦਰਜਨ ਤੋਂ ਵੱਧ ਕਾਲਜਾਂ ਦੇ ਡੀ.ਡੀ.ਓ. ਪ੍ਰਿੰਸੀਪਲ ਹੋਣ ਦਾ ਮਾਣ ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਵੱਖ
ਪ੍ਰਾਈਵੇਟ ਕਾਲਜਾਂ ਵਿੱਚ ਨਿਯੁਕਤ ਹੋਣ ਵਾਲੇ ਪ੍ਰਿੰਸੀਪਲ ਦੀ ਚੋਣ ਕਮੇਟੀ ਦੇ ਮੈਂਬਰ ਵਜੋਂ ਅਤੇ ਡੀ.ਪੀ.ਆਈ. (ਕਾਲਜਾਂ) ਦੇ ਨੁਮਾਇੰਦੇ
ਜ਼ਿੰਮੇਵਾਰੀ ਨਿਭਾਈ। ਸਹਾਇਕ ਪ੍ਰੋਫੈਸਰ ਚੋਣ ਕਮੇਟੀ, ਦਰਜਾ ਤਿੰਨ ਮੁਲਾਜ਼ਮਾਂ ਦੀ ਚੋਣ ਕਮੇਟੀ ਦੇ ਮੈਂਬਰ ਵਜੋਂ ਵੀ ਸੇਵਾਵਾਂ ਨਿਭਾਈ
ਜ਼ਿਲ੍ਹਾ ਲਾਇਬ੍ਰੇਰੀਆਂ ਦੇ ਡੀ.ਡੀ.ਓ. ਵਜੋਂ ਕਾਰਜਸ਼ੀਲ ਸਨ। ਅੱਧੀ ਦਰਜਨ ਤੋਂ ਵੱਧ ਕਾਲਜਾਂ ਦੀ ਇਨਸਪੈਕਸ਼ਨ ਕਮੇਟੀ ਦੇ ਮੈਂਬਰ
ਭੂਮਿਕਾ ਨਿਭਾਈ ਉਚੇਰੀ ਸਿੱਖਿਆ ਵਿਭਾਗ ਵੱਲੋਂ ਵੱਖ-ਵੱਖ ਜਾਂਚ ਕਮੇਟੀਆਂ ਦੇ ਕਨਵੀਨਰ ਵਜੋਂ ਵੀ ਕੰਮ ਕੀਤਾ। ਸੰਗਰੂਰ ਜ
ਪ੍ਰਸ਼ਾਸਨਿਕ ਕੰਮਾਂ ਵਿੱਚ ਸ਼ਲਾਘਾਯੋਗ ਕਾਰਜ ਕਰ ਰਹੇ ਹਨ। ਵੱਖ-ਵੱਖ ਕਾਲਜਾਂ ਦੀ ਸੁਚਾਰੂ ਇੰਤਜ਼ਾਮੀ ਲਈ ਕਾਲਜ ਪ੍ਰਿੰਸੀਪਲ ਸੁਖ
ਸਿੰਘ ਨੂੰ ਮਾਣਯੋਗ ਪ੍ਰਿੰਸੀਪਲ ਸਕੱਤਰ ਉਚੇਰੀ ਸਿੱਖਿਆ ਵਿਭਾਗ ਸ੍ਰੀ ਕ੍ਰਿਸ਼ਨ ਕੁਮਾਰ ਵੱਲੋਂ ਪ੍ਰਸ਼ੰਸਾ ਪੱਤਰ ਪ੍ਰਾਪਤ ਹੋਏ। ਕ
ਆਡੀਟੋਰੀਅਮ ਦੀ ਦਿੱਖ ਸੰਵਾਰੀ ਗਈ, ਨਵੀਂ ਈ-ਲਾਇਬਰੇਰੀ ਬਣ ਕੇ ਤਿਆਰ ਹੋ ਰਹੀ ਹੈ। ਗੁਰੂ ਤੇਗ ਬਹਾਦਰ ਕਾਮਰਸ ਬਲਾਕ ਬ
ਤਿਆਰ ਹੋਇਆ ਹੈ। ਅੰਤਰ-ਵਿਭਾਗ ਰਸਤੇ ਬਣੇ ਹਨ। ਕਾਲਜ ਦੇ ਪ੍ਰਮੁੱਖ ਲਾਅਨਜ਼ ਦੀ ਚਾਰਦਿਵਾਰੀ ਬਣਕੇ ਤਿਆਰ ਹੋਈ ਹੈ, ਜਿਨ੍ਹ
ਸੁੰਦਰ ਲਾਈਟਾਂ ਲਗਵਾਈਆਂ ਗਈਆਂ ਹਨ। ਵੱਖ -ਵੱਖ ਵਿਭਾਗਾਂ ਲਈ ਨਵੇਂ ਕੰਪਿਊਟਰ ਅਤੇ ਅਲਮਾਰੀਆਂ ਖਰੀਦੀਆਂ ਗਈਆਂ
ਰੂਮਾਂ ਬਲਾਕ ਦੀ ਉਸਾਰੀ ਪੂਰੀ ਹੋ ਰਹੀ ਹੈ। ਕਾਲਜ ਦੇ ਪ੍ਰਮੁੱਖ ਵਿਭਾਗਾਂ ਅਤੇ ਸਮੁੱਚੀ ਚਾਰ ਦਵਾਰੀ ਦੀ ਰੰਗ-ਰੋਗਨ ਕਰਕੇ ਦਿੱਖ
ਬਣਾਈ ਗਈ। ਹੌਸਪਟਿਲਟੀ ਵਿਭਾਗ ਦੀ ਸਮਰੱਥਾ ਵਧਾਈ ਗਈ ਹੈ। ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰ
ਪਟਿਆਲਾ ਵਲੋਂ ਕਾਲਜ ਕੇਂਦਰ ਵਿਖੇ ਕਈ ਨਵੇਂ ਕੋਰਸ ਸ਼ੁਰੂ ਕੀਤੇ ਗਏ, ਜਿਨ੍ਹਾਂ ਵਿੱਚ ਫੈਸ਼ਨ ਡਜਾਇਨਿੰਗ, ਕੰਪਿਊਟਰ ਅਤੇ ਬਿਜ
ਮਨੈਜਮੈਂਟ ਨਾਲ ਸੰਬੰਧਤ ਕੋਰਸ ਸ਼ਾਮਲ ਹਨ। ਕਾਲਜ ਵਿਖੇ ਦਿਨ ਪ੍ਰਤੀ ਦਿਨ ਹੋਰ ਨਵੇਂ ਕਾਰਜਾਂ ਨੂੰ ਨੇਪਰੇ ਚਾੜਨ ਲਈ ਯਤਨ ਜਾਰੀ ਹ

## ਕਾਲਜ ਅਕਾਦਮਿਕਤਾ

ਮਾਨਯੋਗ ਉਚੇਰੀ ਸਿਖਿਆ ਮੰਤਰੀ ਗੁਰਮੀਤ ਸਿੰਘ 'ਮੀਤ ਹੇਅਰ', ਪ੍ਰਿੰਸੀਪਲ ਸਕੱਤਰ ਉੱਚੇਰੀ ਸਿੱਖਿਆ ਜੀ ਦੇ ਹੁ
ਅਨੁਸਾਰ ਸੈਸ਼ਨ 2022-23 ਦੇ ਦਾਖਲੇ ਆਨਲਾਈਨ/ਆਫਲਾਈਨ ਮੋਡ ਰਾਹੀਂ ਕੀਤੇ ਗਏ। ਕਾਲਜ ਪ੍ਰਿੰਸੀਪਲ ਸ੍ਰ. ਸੁਖਬੀਰ ਸਿੰਘ
ਯੋਗ ਅਗਵਾਈ ਵਿੱਚ ਗਠਿਤ ਕੀਤੀਆਂ ਵੱਖ-ਵੱਖ ਦਾਖਲਾ ਕਮੇਟੀਆਂ ਨੇ ਵੱਖ-ਵੱਖ ਕੋਰਸਾਂ ਵਿੱਚ ਦਾਖਲੇ ਕੀਤੇ। ਇਸ ਵਿੱਦਿਅਕ
ਦੌਰਾਨ ਕਾਲਜ ਵਿੱਚ ਕੁਲ 3408 ਵਿਦਿਆਰਥੀਆਂ ਨੇ ਵੱਖਰੇ-ਵੱਖਰੇ ਕੋਰਸਾਂ ਵਿੱਚ ਦਾਖਲਾ ਲਿਆ। ਨਵੇਂ ਸੈਸ਼ਨ ਲਈ ਦਾਖਲਿਆਂ ਸ
ਰਜਿਸਟਰੇਸ਼ਨ ਵਿੱਚ ਵੀ ਕਾਲਜ ਮੋਹਰੀ ਰਿਹਾ। ਸਾਰੀਆਂ ਕਲਾਸਾਂ ਦੇ ਨਤੀਜਿਆਂ ਵਿੱਚ ਵੀ ਕਾਲਜ ਨੇ ਯੂਨੀਵਰਸਿਟੀ ਪੱਧਰ ਨਾਲੋ ਵ
ਮੁਕਾਮ ਹਾਸਲ ਕੀਤਾ। ਅੱਜ ਕਾਲਜ ਵਿੱਚ ਦੋ ਸੈਸ਼ਨਾਂ 2019-20, 2020-21 ਦਾ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ
ਰਿਹਾ ਹੈ। ਇਨ੍ਹਾਂ ਸੈਸ਼ਨਾਂ ਦੌਰਾਨ ਪਾਸ ਹੋਏ ਅੰਡਰ ਗਰੈਜੂਏਟ ਕਲਾਸਾਂ (B.A., B.Sc., B.Com, B.B.AH and B.C.A.) ਅਤੇ ਪ

ਗਰੈਜੂਏਟ ਕਲਾਸਾਂ (ਪੰਜਾਬੀ, Pol. Science, English ਅਤੇ M.Sc. (IT) ਦੇ ਵਿਦਿਆਰਥੀਆਂ ਨੂੰ, ਵੱਖ-ਵੱਖ ਸਭਿਆਚਾਰਕ ਅਤੇ ਸਹਿ ਵਿਦਿਅਕ ਸਰਗਰਮੀਆਂ ਵਿਚ ਸ਼ਾਮਲ ਵਿਦਿਆਰਥੀਆਂ ਨੂੰ, ਆਪ ਜੀ ਦੇ ਕਰ-ਕਮਲਾਂ ਹੱਥੋਂ ਸਨਮਾਨਣ ਦਾ ਪ੍ਰਸਤਾਵ ਹੈ।

ਇਸ ਸੈਸ਼ਨ ਦੌਰਾਨ ਹੀ ਕਾਲਜ ਪ੍ਰਿੰਸੀਪਲ ਸ. ਸੁਖਬੀਰ ਸਿੰਘ ਦੀ ਯੋਗ ਅਗਵਾਈ ਵਿੱਚ ਕਾਲਜ ਰਜਿਸਟਰਾਰ ਪ੍ਰੋ. ਜਗਸੀਰ ਸਿੰਘ ਅਤੇ ਉਹਨਾਂ ਦੀ ਟੀਮ ਵੱਲੋਂ ਮਿਤੀ 7-6-2022 ਨੂੰ ਸੈਸ਼ਨ 2019-20 ਦੀ ਕਨਵੋਕੇਸ਼ਨ ਕਰਵਾਈ ਗਈ। ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਧਰਮ ਸਿੰਘ ਰਜਿਸਟਰਾਰ ਜੇ. ਜੀ.ਐਨ. ਡੀ. ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ, ਵਿਸ਼ੇਸ਼ ਮਹਿਮਾਨ ਡਾ. ਪਰਮਿੰਦਰ ਸਿੰਘ, ਡਿਪਟੀ ਡੀ.ਪੀ.ਆਈ. (ਕਾਲਜਾਂ), ਪੰਜਾਬ ਨੇ 107 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ। ਮਿਤੀ 3-12-22 ਨੂੰ ਸੈਸ਼ਨ 2020-21 ਦੀ ਕਨਵੋਕੇਸ਼ਨ ਕਰਵਾਈ ਗਈ, ਜਿਸ ਦੇ ਮੁੱਖ ਮਹਿਮਾਨ ਸ਼੍ਰੀ ਅਸ਼ਵਨੀ ਭੱਲਾ ਜੀ, ਡਿਪਟੀ ਡੀ.ਪੀ.ਆਈ. (ਕਾਲਜਾਂ) ਪੰਜਾਬ, ਵਿਸ਼ੇਸ਼ ਮਹਿਮਾਨ ਡਾ. ਪਰਮਿੰਦਰ ਸਿੰਘ, ਪ੍ਰਿੰਸੀਪਲ ਸਟੇਟ ਕਾਲਜ ਆਫ ਐਜੂਕੇਸ਼ਨ, ਪਟਿਆਲਾ ਨੇ 113 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ।

ਸੰਸਥਾ ਵੱਲੋਂ  ਨਾਇਬ ਤਹਿਸੀਲਦਾਰ, ਇੰਸਪੈਕਟਰ ਕੋਆਪਰੇਟਿਵ ਸੋਸਾਇਟੀ ਦੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਲਈ ਗਈ ਪ੍ਰੀਖਿਆ ਵੀ ਕਰਵਾਈ ਗਈ।

## ਸਭਿਆਚਰਕ ਅਤੇ ਸਹਿ ਵਿੱਦਿਅਕ ਸਰਗਰਮੀਆਂ

ਪ੍ਰਿੰਸੀਪਲ ਸੁਖਬੀਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਰਣਬੀਰ ਕਾਲਜ, ਸੰਗਰੂਰ ਦੇ ਵਿਦਿਆਰਥੀਆਂ ਨੇ ਯੂਥ ਕੋ-ਆਰਡੀਨੇਟਰ ਡਾ. ਹਰਦੀਪ ਸਿੰਘ ਦੀ ਅਗਵਾਈ ਵਿੱਚ ਕਾਲਜ ਦਾ ਨਾਮ ਰੋਸ਼ਨ ਕੀਤਾ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਖੇਤਰੀ ਯੁਵਕ ਅਤੇ ਲੋਕ ਮੇਲਾ, ਇਸੇ ਸੰਸਥਾ ਵਿਖੇ ਮਿਤੀ 28-10-2022 ਤੋਂ 31-10-2022 ਤੱਕ ਕਰਵਾਇਆ ਗਿਆ।
ਰਣਬੀਰ ਕਾਲਜ ਇਸ ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਓਵਰਆਲ ਚੈਂਪੀਅਨ ਰਿਹਾ। ਕਾਲਜ ਨੇ 20 ਵੱਖ-ਵੱਖ ਮੁਕਾਬਲਿਆਂ, ਜਿਨ੍ਹਾਂ ਵਿੱਚ ਸੱਭਿਆਚਰਕ ਕੁਇਜ਼, ਜਨਰਲ ਕੁਇਜ਼, ਮਾਈਮ , ਸਕਿੱਟ, ਗੀਤ ਗਜ਼ਲ, ਸਮੂਹ ਗਾਣ, ਲੋਕ ਨਾਚ ਲੁੱਡੀ (ਲੜਕੀਆਂ), ਲੋਕ ਨਾਚ ਝੂਮਰ (ਲੜਕੇ), ਵੈਸਟਰਨ ਗਰੁੱਪ ਸਾਂਗ, ਭੰਡ, ਮੌਕੇ 'ਤੇ ਚਿਤਰਕਾਰੀ, ਕਾਰਟੂਨਿੰਗ, ਕੋਲਾਜ-ਮੇਕਿੰਗ, ਨਾਟਕ, ਲੋਕ ਸਾਜ, ਕਲਾਸੀਕਲ ਇੰਸਟ੍ਰੂਮੈਂਟ, ਕਲਾਸੀਕਲ ਡਾਂਸ, ਨਾਲਾ ਬੁਣਨਾ, ਛਿੱਕੂ ਬਣਾਈ ਆਦਿ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਗਰੁੱਪ ਸ਼ਬਦ, ਵੈਸਟਰਨ ਇੰਸਟ੍ਰੂਮੈਂਟ, ਵਾਰ ਗਾਇਨ, ਨੁੱਕੜ ਨਾਟਕ, ਲਘੂ ਫਿਲਮ, ਫੋਟੋਗ੍ਰਾਫੀ, ਮਿਮਕਰੀ, ਫੋਕ ਆਰਕੈਸਟਰਾ, ਕਢਾਈ, ਪਰਾਂਦਾ ਬੁਣਾਈ, ਖਿੱਦੋ ਬੁਣਾਈ, ਇਨੂੰ ਬਣਾਈ ਆਦਿ ਦਰਜ਼ਨ ਭਰ ਮੁਕਾਬਲਿਆਂ ਵਿੱਚ ਕਾਲਜ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਕਲਾਸੀਕਲ ਵੋਕਲ, ਕਲੇਅ ਮਾਡਲਿੰਗ, ਟੋਕਰੀ ਬਣਾਈ, ਪੱਖੀ ਬਣਾਈ, ਪੀੜੀ ਬੁਣਾਈ, ਵੈਸਟਰਨ ਵੋਕਲ ਸੋਲੋ, ਪਹਿਰਾਵਾ ਪ੍ਰਦਰਸ਼ਨੀ, ਡੀਬੇਟ, ਇੰਸਟਾਲੇਸ਼ਨ ਆਦਿ ਵਿੱਚ ਕਾਲਜ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸੇ ਤਰ੍ਹਾਂ ਅੰਤਰ-ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਕਾਲਜ ਨੇ ਕਾਰਟੂਨਿੰਗ ਵਿੱਚ ਪਹਿਲਾ, ਸੱਭਿਆਚਰਕ ਕੁਇਜ਼ ਵਿੱਚ ਪਹਿਲਾ, ਲੋਕ ਨਾਚ ਲੁੱਡੀ (ਲੜਕੀਆਂ) ਪਹਿਲਾ, ਮੌਕੇ 'ਤੇ ਚਿਤਕਾਰੀ ਵਿੱਚ ਦੂਜਾ, ਫੋਟੋਗ੍ਰਾਫੀ ਵਿੱਚ ਦੂਜਾ ਅਤੇ ਸਕਿੱਟ, ਨਾਟਕ, ਗਰੁੱਪ ਸਾਂਗ ਆਦਿ ਮੁਕਾਬਲਿਆਂ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਸਮੁੱਚੀਆਂ ਪ੍ਰਾਪਤੀਆਂ ਲਈ ਯੁਵਕ ਭਲਾਈ ਵਿਭਾਗ ਪੰਜਾਬੀ ਯੂਨੀ., ਪਟਿਆਲਾ ਵੱਲੋਂ ਪ੍ਰਿੰਸੀਪਲ ਸੁਖਬੀਰ ਸਿੰਘ ਜੀ ਦਾ ਵਿਸ਼ੇਸ ਤੌਰ 'ਤੇ ਪ੍ਰਸੰਸਾ ਪੱਤਰ ਦੇ ਕੇ ਸਨਮਾਨ ਕੀਤਾ ਗਿਆ। ਸਮੇਂ ਸਮੇਂ 'ਤੇ ਵਿਦਿਆਰਥੀ ਅੰਤਰ ਕਾਲਜ ਅਤੇ ਹੋਰ ਸੰਸਥਾਵਾਂ ਵੱਲੋਂ ਕਰਵਾਈਆਂ ਜਾਂਦੀਆਂ ਸਹਿ ਵਿਦਿਅਕ ਸਰਗਰਮੀਆਂ ਵਿੱਚ ਵੀ ਭਾਗ ਲੈਂਦੇ ਹਨ।

## ਖੇਡ ਗਤੀਵਿਧੀਆਂ

ਕਾਲਜ ਦੀਆਂ ਖੇਡ ਗਤੀਵਿਧੀਆਂ ਸੈਸ਼ਨ 2022-23 ਦੌਰਾਨ ਵਿਭਾਗ ਮੁਖੀ ਡਾ. ਹਰਦੀਪ ਸਿੰਘ ਅਤੇ ਉਨ੍ਹਾਂ ਦੇ ਸਹਿਕਰਮੀਆਂ ਡਾ. ਜਸਵਿੰਦਰ ਸਿੰਘ, ਪ੍ਰੋ. ਮੁਹੰਮਦ ਤਨਵੀਰ ਦੀ ਅਗਵਾਈ ਵਿੱਚ ਸਫ਼ਲਤਾ ਪੂਰਵਕ ਚਲਦੀਆਂ ਰਹੀਆਂ। ਕਾਲਜ ਦਾ 75ਵਾਂ ਸਾਲਾਨਾ ਖੇਡ ਸਮਾਰੋਹ ਮਿਤੀ 4 ਮਾਰਚ 2023 ਨੂੰ ਕਾਲਜ ਪ੍ਰਿੰਸੀਪਲ ਸੁਖਬੀਰ ਸਿੰਘ ਦੀ ਸਰਪ੍ਰਸਤੀ ਹੇਠ ਮਨਾਇਆ ਗਿਆ ਜਿਸ ਵਿੱਚ ਸਵੇਰ ਦੇ ਸੈਸ਼ਨ ਦੇ ਮੁੱਖ-ਮਹਿਮਾਨ ਵਜੋਂ ਆਮ ਆਦਮੀ ਪਾਰਟੀ ਦੇ ਸਪੋਕਸਮੈਨ ਸ. ਜਸਵੀਰ ਸਿੰਘ ਜੱਸੀ ਸੇਖੋਂ ਹਾਜਰ ਹੋਏ। ਸ਼ਾਮ ਦੇ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਸਾਬਕਾ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਸਰਕਾਰੀ ਰਜਿੰਦਰਾ ਕਾਲਜ, ਬਠਿੰਡਾ ਨੇ ਕੀਤੀ। ਕਾਲਜ ਦੇ ਖਿਡਾਰੀਆਂ ਨੇ ਇਸ ਸਮਾਰੋਹ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਖੇਡ ਸਮਾਰੋਹ ਦੌਰਾਨ ਲੜਕਿਆਂ ਵਿੱਚੋਂ ਅਰਸ਼ਦੀਪ ਸਿੰਘ

(ਬੀ.ਏ.-2 5889) ਨੇ ਬੈਸਟ ਅਥਲੀਟ ਅਤੇ ਲੜਕੀਆਂ ਵਿੱਚੋਂ ਪੁਸ਼ਪਿੰਦਰ ਕੌਰ (ਬੀ.ਏ. 11, 3372) ਨੇ ਬੈਸਟ ਅਥਲੀਟ ਦਾ ਹਾਸਲ ਕੀਤਾ। ਪੂਰੇ ਸੈਸ਼ਨ ਦੌਰਾਨ ਕਾਲਜ ਦੇ ਵਿਦਿਆਰਥੀਆਂ ਨੇ ਅੰਤਰ ਕਾਲਜ ਕ੍ਰਿਕਟ, ਬਾਕਸਿੰਗ, ਅਥਲੈਟਿਕਸ, ਚੈਸ, ਜੂਡੋ, ਲਿਫਟਿੰਗ, ਕੁਸ਼ਤੀ, ਬੇਸਬਾਲ, ਸੋਫਟਬਾਲ, ਜਿਮਨਾਸਟਿਕਸ, ਕਿੱਕ ਬਾਕਸਿੰਗ ਆਦਿ ਮੁਕਾਬਲਿਆਂ ਵਿੱਚ ਪਹਿਲਾਂ, ਦੂਸਰਾ ਪ੍ਰਾਪਤ ਕੀਤੇ। ਕਾਲਜ ਦੇ ਖਿਡਾਰੀਆਂ ਦੀਆਂ ਪ੍ਰਾਪਤੀਆਂ ਆਲ ਇੰਡੀਆਂ ਅੰਤਰ ਯੂਨੀਵਰਸਿਟੀ, ਸੀਨੀਟਰ ਸਟੇਟ, ਸੀਨੀਅਰ ਪੱਧਰ ਤੱਕ ਵੀ ਰਹੀਆਂ। ਕਈ ਖਿਡਾਰੀ ਆਲ ਇੰਡੀਆਂ ਕੈਂਪਾਂ ਲਈ ਵੀ ਚੁਣੇ ਗਏ। ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਖੇਡ ਮੰਤਰਾਲੇ ਵੱਲੋਂ ਕਰਵਾਈਆਂ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਮਨਪ੍ਰੀਤ ਕੌਰ ਨੇ ਬਾ ਪਰਮਿੰਦਰ ਕੌਰ ਨੇ 5000 ਮੀਟਰ ਵਾਕ ਅਤੇ ਅਰਸ਼ਦੀਪ ਨੇ 5000 ਦੌੜ ਵਿੱਚੋਂ, ਰਾਜਦੀਪ ਨੇ ਉੱਚੀ ਛਾਲ, ਦਿਨੇਸ਼ ਕੁਮਾਰ ਨੇ ਜੂ ਜ਼ਿਲ੍ਹਾ ਪੱਧਰ 'ਤੇ ਪਹਿਲੇ ਸਥਾਨ ਹਾਸਲ ਕੀਤੇ। ਨਵਨੀਤ ਕੌਰ ਨੇ ਜੈਵਲਿਨ ਥਰੋਅ ਵਿੱਚੋਂ, ਸੌਰਵ ਕੁਮਾਰ ਨੇ ਜੂਡੋ ਵਿੱਚੋਂ, ਸੋਨਮ ਚੌ ਜੂਡੋ ਵਿੱਚੋਂ, ਦਿਲਪ੍ਰੀਤ ਕੌਰ ਨੇ ਸੀਨੀਅਰ ਸਟੇਟ ਬੇਸਬਾਲ ਵਿੱਚੋਂ, ਦਿਨੇਸ਼ ਕੁਮਾਰ ਜੂਡੋ ਵਿੱਚੋਂ ਪੰਜਾਬ ਪੱਧਰ 'ਤੇ ਪਹਿਲੇ, ਦੂਜੇ, ਤੀਜੇ ਪ੍ਰਾਪਤ ਕੀਤੇ।

## ਲੋਕ ਕਵੀ ਸੰਤ ਰਾਮ ਉਦਾਸੀ ਮੈਮੋਰੀਅਲ ਲਾਇਬਰੇਰੀ

ਸਰਕਾਰੀ ਰਣਬੀਰ ਕਾਲਜ ਦੀ ਲਾਇਬਰੇਰੀ ਵਿਚ ਲਾਇਬਰੇਰੀਅਨ, ਅਟੈਂਡੈਂਟ ਦੀਆਂ ਪੋਸਟਾਂ ਹਨ। ਡਾ. ਮੋਨਿ ਸਹਾਇਕ ਪ੍ਰੋ. ਅੰਗਰੇਜੀ ਬਤੌਰ ਲਾਇਬਰੇਰੀ ਕਨਵੀਨਰ ਵਜੋਂ ਸੇਵਾ ਨਿਭਾਅ ਰਹੇ ਹਨ। ਲਾਇਬਰੇਰੀ ਰੀਡਿੰਗ ਰੂਮ ਵਿੱਚ 8 ਅਖਬ 13 ਰਸਾਲੇ ਆਉਂਦੇ ਹਨ। ਕਿਤਾਬਾਂ ਦੀ ਕੁੱਲ ਗਿਣਤੀ 72589 ਹੈ। ਨਵੇਂ ਅਖਬਾਰ ਸਟੈਂਡ, ਮੈਗਜ਼ੀਨ ਸਟੈਂਡ ਅਤੇ ਡਿਸਪਲੇਅ ਬਣਾਏ ਗਏ ਹਨ। ਲਾਇਬਰੇਰੀ ਨੂੰ ਆਨਲਾਈਨ ਕਰਨ ਲਈ ਕੋਹਾ ਸਾਫਟਵੇਅਰ ਚਲਾਇਆ ਜਾ ਰਿਹਾ ਹੈ। ਲਾਇਬਰੇਰੀ ਵਿੱਚ ਆਉਣ ਵਾਲੇ ਵਿਅਕਤੀ/ਵਿਦਿਆਰਥੀ ਦੀ ਆਨਲਾਈਨ MIS ਪੋਰਟਲ 'ਤੇ ਹਾਜ਼ਰੀ ਪਾਈ ਜਾਂਦੀ ਹੈ। ਲੋੜਵੰਦ ਤੇ ਆਰਥਿ ਕਮਜ਼ੋਰ ਵਿਦਿਆਰਥੀਆਂ ਲਈ ਬੁੱਕ ਬੈਂਕ ਮੁਹਈਆ ਕਰਵਾਈ ਗਈ ਹੈ। ਬੀ.ਲਿਬ., ਐਮ. ਲਿਬ. ਸਾਇੰਸ ਕੋਰਸ ਕ ਵਿਦਿਆਰਥੀਆਂ ਨੂੰ ਲਾਇਬਰੇਰੀ ਸੰਬੰਧੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਸ ਸਾਲ ਵੀ ਲੋਕ ਕਵੀ ਸੰਤ ਰਾਮ ਉਦਾਸੀ ਜੀ ਨੂੰ ਸ ਕਾਵਿ-ਉਚਾਰਨ ਅਤੇ ਗੀਤ ਮੁਕਾਬਲੇ ਕਰਵਾਏ ਗਏ। ਲਾਇਬਰੇਰੀ ਦੀ ਇੱਕ ਸਾਲਾ ਵਰ੍ਹੇਗੰਢ ਮਨਾਈ ਗਈ। ਉਨ੍ਹਾ ਦਾ ਜਨਮ ਬਹੁਤ ਹੀ ਉੱਚੇਚੇ ਪੱਧਰ 'ਤੇ ਮਨਾਇਆ ਗਿਆ, ਜਿਸ ਵਿੱਚ ਉਨ੍ਹਾ ਦੀ ਸਪੁੱਤਰੀ ਪ੍ਰਿੰਸੀਪਲ ਇਕਬਾਲ ਉਦਾਸੀ ਵਿਸ਼ੇਸ਼ ਤੌਰ 'ਤੇ ਹੋਏ। ਫੇਸਬੁੱਕ ਉੱਪਰ ਲਾਇਬਰੇਰੀ ਦਾ ਇੱਕ ਅਕਾਊਂਟ ਬਣਾਇਆ ਗਿਆ ਹੈ। ਇਸ ਵਿੱਚ ਲਾਇਬਰੇਰੀ ਵਿੱਚ ਆਉਣ ਵਾਲੀ ਹ ਕਿਤਾਬ ਦੀ ਵੀਡੀਓ ਬਣਾ ਕੇ ਅਪਲੋਡ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਪ੍ਰਬੰਧਕਾਂ ਵੱਲੋਂ ਈ-ਲਾਇਬਰੇਰੀ ਦੇ ਯਤਨ ਜਾਰੀ ਹਨ।

## ਕਾਲਜ ਮੈਨੇਜਮੈਂਟ ਕਮੇਟੀ (CMC) 2022-23

ਮਾਨਯੋਗ ਉਚੇਰੀ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿਖੇ 'ਕਾਲਜ ਮੈਨੇਜਮੈਂਟ ਕਮੇਟੀ' ਦਾ ਗਠ ਗਿਆ। ਜਿਸ ਵਿੱਚ ਪ੍ਰਿੰਸੀਪਲ ਸੁਖਬੀਰ ਸਿੰਘ ਚੁਣੇ ਮੈਂਬਰਾਂ ਵਿੱਚੋਂ ਪ੍ਰਧਾਨ ਪ੍ਰੋ. ਮਿਨਾਕਸ਼ੀ ਮੜਕਣ ਸੱਕਤਰ, ਵਿਦਿਆਰਥੀਆਂ ਦੇ ਮ ਕਾਲਜ ਮੁਲਾਜ਼ਮਾਂ ਅਤੇ ਸੇਵਾ-ਮੁਕਤ ਪ੍ਰਾਧਿਆਪਕਾਂ ਵਿੱਚੋਂ ਪ੍ਰੋ. ਰਾਜਦਵਿੰਦਰ ਸਿੰਘ, ਡਾ. ਸੁਰਿੰਦਰ ਕੌਰ ਧਾਲੀਵਾਲ, ਸ੍ਰੀ ਸ਼ੇਰ ਸਿ ਬਲਜੀਤ ਸਿੰਘ, ਸ੍ਰੀ ਪ੍ਰਵੀਨ ਕੁਮਾਰ ਸ਼ਰਮਾ, ਵਿਦਿਆਰਥੀਆਂ ਵਿੱਚੋਂ ਰਜਿੰਦਰ ਸਿੰਘ, ਧਰਮਿੰਦਰ ਪਾਲ, ਨੀਰੂ ਗੋੜ, ਰੀਤੂ ਬਾਲਾ, ਦੇ ਮੌਜੂਦਾ ਅਧਿਆਪਕਾਂ ਵਿੱਚੋਂ ਡਾ. ਹਰਦੀਪ ਸਿੰਘ, ਪ੍ਰੋ. ਕੁਲਦੀਪ ਕੁਮਾਰ, ਪ੍ਰੋ. ਜਗਸੀਰ ਸਿੰਘ, ਕਾਲਜ ਅਲੂਮਨੀ ਵਿੱਚੋਂ ਪ੍ਰੋ. ਕੁਮਾਰ, ਸ੍ਰੀ ਰੌਸ਼ਨ ਲਾਲ, ਹੋਰ ਵਿਦਿਆਰਥੀ ਮੈਂਬਰ ਗੁਰਮਨਦੀਪ ਸਿੰਘ ਅਤੇ ਸਥਾਨਕ ਸਰਕਾਰਾਂ ਦੇ ਪ੍ਰਤੀਨਿਧ ਵਜੋਂ ਸ੍ਰੀਮਤੀ ਦਾਨੀਆਂ (ਐਮ.ਸੀ.) ਮੈਂਬਰ ਚੁਣੇ ਗਏ। ਕਮੇਟੀ ਸੰਸਥਾ ਦੀ ਤਰੱਕੀ ਅਤੇ ਵਿਦਿਆਰਥੀਆਂ ਦੀ ਭਲਾਈ ਲਈ ਨਿੱਤ ਦਿਨ ਕਾਰਜ ਵਿਭਾਗੀ ਹਦਾਇਤਾਂ ਅਤੇ ਨਿਯਮਾਂ ਅਨੁਸਾਰ ਕਾਲਜ ਨੂੰ ਸਿਖਰਾਂ 'ਤੇ ਪਹੁੰਚਾਉਣ ਲਈ ਕਮੇਟੀ ਦਾ ਯੋਗਦਾਨ ਮਹੱਤਵਪੂਰਨ ਹੈ।

## ਕਾਲਜ ਭਾਸ਼ਾ ਮੰਚ

ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਵਿਭਾਗ ਦੇ ਹੁਕਮਾਂ ਅਤੇ ਜ਼ਿਲ੍ਹਾ ਭਾਸ਼ਾ ਦਫਤਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾ ਪ੍ਰਿੰਸੀਪਲ ਸੁਖਬੀਰ ਸਿੰਘ ਦੀ ਸੁਯੋਗ ਅਗਵਾਈ ਅਧੀਨ 'ਕਾਲਜ ਭਾਸ਼ਾ ਮੰਚ' ਦੀ ਸਥਾਪਨਾ ਕੀਤੀ ਗਈ ਹੈ, ਜਿਸਦੇ

ਡਾ. ਸੁਖਵਿੰਦਰ ਸਿੰਘ ਪਰਮਾਰ ਹਨ। ਕਾਲਜ ਭਾਸ਼ਾ ਮੰਚ ਦਾ ਪੁਨਰਗਠਨ ਕਰਦਿਆ ਐਮ.ਏ. ਭਾਗ ਦੂਜਾ ਦੀ ਵਿਦਿਆਰਥਣ ਹਰਪ੍ਰੀਤ ਕੌਰ ਨੂੰ ਇਸਦਾ ਪ੍ਰਧਾਨ ਬਣਾਇਆ ਗਿਆ ਤੇ ਪੰਜ ਹੋਰ ਅਹੁਦੇਦਾਰ ਵਿਦਿਆਰਥੀਆਂ ਦੀ ਚੋਣ ਕੀਤੀ ਗਈ ਹੈ। 'ਕਾਲਜ ਭਾਸ਼ਾ ਮੰਚ' ਵਲੋਂ 'ਪੰਜਾਬੀ ਮਾਹ' ਦੌਰਾਨ ਡਾ. ਬਲਦੇਵ ਸਿੰਘ ਸੜਕਨਾਮਾ ਨਾਲ ਰੂ-ਬ-ਰੂ ਪ੍ਰੋਗਰਾਮ ਕਰਵਾਇਆ ਗਿਆ। 'ਅੰਤਰ ਰਾਸ਼ਟਰੀ ਮਾਂ ਬੋਲੀ ਦਿਵਸ' ਮੌਕੇ ਪ੍ਰਸਿੱਧ ਪੰਜਾਬੀ ਸਾਹਿਤਕਾਰਾ ਡਾ. ਬਲਵਿੰਦਰ ਕੌਰ ਬਰਾੜ ਕੈਨੇਡਾ ਨਾਲ ਮਨ ਦੀਆਂ ਗੱਲਾਂ ਕੀਤੀਆਂ ਗਈਆਂ। ਮੰਚ ਵੱਲੋਂ ਸਾਰਥਕ ਸਹਿਤਕ ਵਿਚਾਰਾਂ ਵੀ ਕੀਤੀਆਂ ਜਾਂਦੀਆਂ ਹਨ। ਲੋਕ ਕਵੀ ਸੰਤ ਰਾਮ ਉਦਾਸੀ ਦੀ ਜਨਮ ਵਰ੍ਹੇਗੰਢ ਨੂੰ ਸਮਰਪਿਤ ਗੀਤ ਅਤੇ ਕਾਵਿ ਉਚਾਰਨ ਮੁਕਾਬਲੇ ਕਰਵਾਏ ਗਏ।

## ਐਨ.ਸੀ.ਸੀ. ਲੜਕੀਆਂ

**4- ਪੰਜਾਬ ਬਟਾਲੀਅਨ** ਨਾਲ ਸੰਬੰਧਤ ਐਨ.ਸੀ.ਸੀ. ਲੜਕੀਆਂ ਦਾ ਯੂਨਿਟ ਪ੍ਰੋ. ਰਮਨਦੀਪ ਕੌਰ ਦੀ ਅਗਵਾਈ ਹੇਠ ਸਫਲਤਾ ਪੂਰਵਕ ਚੱਲ ਰਿਹਾ ਹੈ। ਸੈਸ਼ਨ 2022-23 ਦੌਰਾਨ 30 ਤੋਂ ਵੱਧ ਕੈਡਿਟ ਲੜਕੀਆਂ ਭਰਤੀ ਹੋਈਆਂ। ਕਾਲਜ ਵਿਖੇ ਬਟਾਲੀਅਨ ਵੱਲੋਂ ਸੱਤ ਰੋਜ਼ਾ ਟ੍ਰੇਨਿੰਗ ਕੈਂਪ ਲਗਾਇਆ ਗਿਆ। ਕੈਡਿਟ ਵਿਦਿਆਰਥਣਾਂ, ਪਟਿਆਲਾ ਚੰਡੀਗੜ੍ਹ ਅਤੇ ਹੋਰ ਟ੍ਰੇਨਿੰਗ ਕੇਂਦਰਾਂ 'ਤੇ ਜਾ ਕੇ ਸਿਖਲਾਈ ਪ੍ਰਾਪਤ ਕਰਦੀਆਂ ਰਹੀਆਂ। ਵੱਖ-ਵੱਖ ਵਿਦਿਆਰਥਣ ਕੈਡਿਟਾਂ ਨੇ 'ਬੀ' 'ਸੀ' ਸਰਟਫਿਕੇਟ ਲਈ ਪ੍ਰੀਖਿਆ ਦਿੱਤੀ। ਸਮੇਂ-ਸਮੇਂ 'ਤੇ ਐਨ.ਸੀ.ਸੀ. ਨਾਲ ਸੰਬੰਧਤ ਉਚ-ਅਧਿਕਾਰੀ ਕਾਲਜ ਵਿਖੇ ਸਿਰਕਤ ਕਰਦੇ ਹਨ। ਸਾਲਾਨਾ ਖੇਡ ਸਮਾਰੋਹ ਅਤੇ ਖੇਤਰੀ ਯੁਵਕ ਅਤੇ ਲੋਕ ਮੇਲੇ ਦੌਰਾਨ ਕੈਡਿਟ ਵਿਦਿਆਰਥਣਾਂ ਨੇ ਸਲਾਘਾਯੋਗ ਕਾਰਜ ਕੀਤਾ।

## ਰੈੱਡ ਰਿਬਨ ਕਲੱਬ

ਰੈੱਡ ਰਿਬਨ ਕਲੱਬ ਦੇ ਕਨਵੀਨਰ ਡਾ. ਸੁਖਵਿੰਦਰ ਸਿੰਘ ਪਰਮਾਰ ਹਨ। ਭਾਰਤ ਸਰਕਾਰ ਵੱਲੋਂ ਨਿਰਦੇਸ਼ਿਤ ਇਸ ਕਲੱਬ ਦੇ 50 ਵਿਦਿਆਰਥੀ ਮੈਂਬਰ ਹੁੰਦੇ ਹਨ ਜਿਨ੍ਹਾਂ ਨੂੰ ਏਡਜ਼ ਵਰਗੀ ਭਿਆਨਕ ਬਿਮਾਰੀ ਤੋਂ ਸੁਚੇਤ ਕਰਨ ਹਿੱਤ ਵੱਖ-ਵੱਖ ਗਤੀਵਿਧੀਆਂ ਰਾਹੀਂ ਜਾਗਰੂਕ ਕੀਤਾ ਜਾਂਦਾ ਹੈ। ਅਕਾਦਮਿਕ ਸੈਸ਼ਨ 2022-23 ਦੌਰਾਨ ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਸੰਗਰੂਰ ਦੇ ਸਹਾਇਕ ਡਾਇਰੈਕਟਰ ਸ਼੍ਰੀ ਅਰੁਣ ਕੁਮਾਰ ਦੀ ਅਗਵਾਈ ਵਿੱਚ ਮਿਤੀ 9-8-2022 ਨੂੰ ਕਾਲਜ ਵਿਖੇ 31 ਕਾਲਜਾਂ ਦੇ ਰੈੱਡ ਰਿਬਨ ਕਲੱਬ ਕਨਵੀਨਰਾਂ ਨੂੰ 3000-3000 ਦੀ ਗ੍ਰਾਂਟ ਦੇ ਚੈੱਕ ਤਕਸੀਮ ਕੀਤੇ ਗਏ।

ਇਸੇ ਲੜੀ ਵਿੱਚ ਮਿਤੀ 28-09-2022 ਨੂੰ ਕਾਲਜ ਵਿਖੇ 'ਜ਼ਿਲ੍ਹਾ ਪੱਧਰੀ ਕੁਇਜ਼' ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਦਾ ਮੁੱਖ ਥੀਮ 'ਏਡਜ਼ ਤੋਂ ਬਚਾਅ ਅਤੇ ਨਸ਼ਿਆਂ ਤੋਂ ਮੁਕਤੀ' ਰਿਹਾ। ਇਸ ਮੁਕਾਬਲੇ ਵਿੱਚ ਜ਼ਿਲ੍ਹੇ ਦੇ ਲਗਭਗ 50 ਵਿਦਿਆਰਥੀਆਂ ਨੇ ਭਾਗ ਲਿਆ। ਕਾਲਜ ਟੀਮ-**ਪੂਜਾ ਰਾਣੀ, ਭਾਵਨਾ** ਨੇ ਪਹਿਲਾ ਸਥਾਨ ਹਾਸਲ ਕਰਕੇ 4000 ਰੁਪਏ ਦਾ ਇਨਾਮ ਜਿੱਤਿਆ ਇਹੋ ਵਿਦਿਆਰਥਣਾਂ ਸੂਬਾ ਪੱਧਰੀ ਕੁਇਜ਼ ਮੁਕਾਬਲੇ ਵਿੱਚ ਚੌਥੇ ਸਥਾਨ 'ਤੇ ਰਹੀਆਂ। ਕਲੱਬ ਵੱਲੋਂ 1 ਦਸੰਬਰ 2022 ਨੂੰ ਕਾਲਜ ਪੱਧਰ 'ਤੇ ਸਲੋਗਨ ਲੇਖਣ, ਪੋਸਟਰ ਮੇਕਿੰਗ, ਲੇਖ ਲੇਖਣ ਮੁਕਾਬਲੇ ਕਰਵਾਏ ਗਏ। ਮੁੱਖ ਮਹਿਮਾਨ ਸ਼੍ਰੀ ਅਰੁਣ ਕੁਮਾਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ, ਸੰਗਰੂਰ ਨੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ।

ਮਿਤੀ 3, 4 ਫਰਵਰੀ 2023 ਨੂੰ ਜ਼ਿਲ੍ਹਾ ਪੱਧਰੀ 'ਸਵਾਮੀ ਵਿਵੇਕਾਨੰਦ ਯੁਵਕ ਦਿਵਸ' ਮੌਕੇ ਕੁਇਜ਼ ਟੀਮ-**ਹਰਪ੍ਰੀਤ ਕੌਰ, ਹਰਪ੍ਰੀਤ ਕੌਰ** ਨੇ ਤੀਸਰਾ ਸਥਾਨ, ਭਾਸ਼ਨ ਮੁਕਾਬਲੇ ਵਿੱਚ **ਵੀਰਪਾਲ ਕੌਰ** ਨੇ ਤੀਸਰਾ ਸਥਾਨ ਅਤੇ ਪੋਸਟਰ ਮੁਕਾਬਲੇ ਵਿੱਚ ਵੀ **ਸਿਮਰਨਪ੍ਰੀਤ ਕੌਰ** ਤੀਸਰੇ ਸਥਾਨ 'ਤੇ ਰਹੀ। ਕਲੱਬ ਦੇ ਵਲੰਟੀਅਰਾਂ ਨੇ ਵੋਟਰ ਦਿਵਸ, ਸੰਵਿਧਾਨ ਦਿਵਸ, ਨਹਿਰੂ ਯੁਵਕ ਸੇਵਾਵਾਂ ਪ੍ਰੋਗਰਾਮ, ਗਣਤੰਤਰ ਦਿਵਸ ਆਦਿ ਮੌਕੇ ਵੱਧ ਚੜ੍ਹ ਕੇ ਹਿੱਸਾ ਲਿਆ।

## ਬੈਸਟ ਆਊਟ ਆਫ ਵੇਸਟ ਸੁਸਾਇਟੀ

ਬੈਸਟ ਆਊਟ ਆਫ ਵੇਸਟ ਸੁਸਾਇਟੀ ਦੇ ਇੰਚਾਰਜ ਪ੍ਰੋ. ਨਿਰਮਲ ਹਨ। ਮਿਤੀ 02-06-2022 ਨੂੰ ਉਨ੍ਹਾਂ ਵੱਲੋਂ ਇੱਕ-ਰੋਜ਼ਾ ਕੈਂਪ ਲਗਾਇਆ ਗਿਆ ਜਿਸ ਵਿੱਚ ਸੁਸਾਇਟੀ ਦੇ 45 ਮੈਂਬਰ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸੇ ਤਰ੍ਹਾਂ ਸੈਸ਼ਨ 2022-23 ਦੀ ਅਹਿਮ ਗਤਿਵਿਧੀ ਜਿਸ ਦਾ ਉਦੇਸ਼ 'ਬਣਾਓ ਅਤੇ ਵੇਚੋ' ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਆਰਥਕ ਤੌਰ ਤੇ ਆਤਮ ਨਿਰਭਰ ਬਣਾਉਣਾ ਸੀ, ਦਾ ਪ੍ਰੋਗਰਾਮ ਉਲੀਕਿਆ ਗਿਆ। ਮਿਤੀ 18-03-2023 ਨੂੰ ਇੰਚਾਰਜ ਮੈਡਮ ਵੱਲੋਂ ਪ੍ਰਦਰਸ਼ਨੀ ਅਤੇ ਵਿਕਰੀ (Exhibition cum sale) ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਤਕਰੀਬਨ 75 ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਕਬਾੜ ਤੋਂ ਖੂਬਸੂਰਤ ਕਲਾਕ੍ਰਿਤੀਆਂ ਬਣਾ ਕੇ

ਪ੍ਰਦਰਸ਼ਨੀ ਲਗਾਈ ਅਤੇ ਵਿਕਰੀ ਕੀਤੀ। ਇਸ ਪ੍ਰਦਰਸ਼ਨੀ ਦਾ ਰਸਮੀ ਉਦਘਾਟਨ ਮੈਡਮ ਨਿਮਰਤ ਨੇ ਕੀਤਾ। ਇਸ ਪ੍ਰਦਰਸ਼ਨੀ ਮਹਿਮਾਨ ਸੰਗੀਤ ਦੀ ਦੁਨੀਆਂ ਦੀ ਮਸ਼ਹੂਰ ਹਸਤੀ ਡਾ. ਡੌਲੀ ਰਾਏ (ਸੁਨਾਮ), ਵਿਸ਼ੇਸ਼ ਮਹਿਮਾਨ ਕਲਾ ਦੀ ਦੁਨੀਆਂ ਦੀ ਸ਼ਖਸ਼ੀਅਤ ਸ. ਸੁਖਵਿੰਦਰ ਸਿੰਘ ਲੋਟੇ (ਧੂਰੀ) ਅਤੇ ਸ਼੍ਰੀਮਤੀ ਕਮਲਪ੍ਰੀਤ ਐਸ.ਐਚ.ਓ. ਮਹਿਲਾ ਥਾਣਾ, ਸੰਗਰੂਰ ਸਨ। ਦਿਖ ਅਤੇ ਦੇ ਆਧਾਰ 'ਤੇ ਇਨਾਮ ਐਲਾਨੇ ਗਏ। ਦਿੱਖ ਦੇ ਆਧਾਰ 'ਤੇ ਟੀਮ 'ਜੇ' ਨੇ ਪਹਿਲਾ, ਟੀਮ 'ਈ' ਨੇ ਦੂਸਰਾ ਅਤੇ ਟੀਮ 'ਬੀ' ਨੇ ਸਥਾਨ ਹਾਸਲ ਕੀਤਾ। ਵਿਕਰੀ ਦੇ ਆਧਾਰ ਤੇ ਟੀਮ 'ਬੀ' ਨੇ ਪਹਿਲਾ ਸਥਾਨ, ਟੀਮ 'ਜੇ' ਨੇ ਦੂਸਰਾ ਸਥਾਨ ਅਤੇ ਟੀਮ 'ਸੀ' ਸਥਾਨ ਹਾਸਲ ਕੀਤਾ। ਆਏ ਹੋਏ ਮਹਿਮਾਨਾਂ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ। ਇੰਚਾਰਜ ਪ੍ਰੋ. ਨਿਰਮਲ ਵੱਲੋਂ ਪਹੁੰਚੇ ਮ ਨੂੰ ਸਨਮਾਨਿਤ ਕਰਨ ਦੇ ਨਾਲ-ਨਾਲ ਸਾਰਿਆਂ ਨੂੰ ਇੱਕ ਇੱਕ ਬੂਟਾ ਭੇਂਟ ਕੀਤਾ ਗਿਆ। ਇਸੇ ਤਰ੍ਹਾਂ ਮਿਤੀ 29-03-2023 ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਦਫਤਰ ਸੰਗਰੂਰ ਵਿਖੇ ਆਯੋਜਿਤ ਸਵੈ-ਰੋਜ਼ਗਾਰ ਕੈਂਪ ਵਿੱਚ ਇਸ ਸੁਸਾਇ ਵਿਦਿਆਰਥੀ ਅਤੇ ਇੰਚਾਰਜ ਪ੍ਰੋ. ਨਿਰਮਲ ਸ਼ਾਮਲ ਹੋਏ। ਮਿਤੀ 6-4-23 ਨੂੰ ਸੁਸਾਇਟੀ ਦੇ 50 ਵਿਦਿਆਰਥੀਆਂ ਦਾ ਟੂਰ ਚੰਡੀਗੜ੍ਹ ਵਿਖੇ ਲਗਵਾਇਆ ਗਿਆ।

## ਐਨ.ਐਸ.ਐਸ. ਯੂਨਿਟ-1 (ਲੜਕੇ), ਐਨ.ਐਸ.ਐਸ. ਯੂਨਿਟ-2 (ਲੜਕੀਆਂ)

ਐਨ.ਐਸ.ਐਸ. ਯੂਨਿਟ-1 (ਲੜਕੇ), ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਰੁਪਿੰਦਰ ਕੁਮਾਰ ਸੁਰਮਾ ਅਤੇ ਐਨ.ਐਸ.ਐਸ. (ਲੜਕੀਆਂ) ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਸੁਧਾ ਰਾਣੀ ਸ਼ਰਮਾ ਹਨ। ਇਨ੍ਹਾਂ ਵੱਲੋਂ ਮਿਤੀ 28-9-2022 ਨੂੰ ਕਾਲਜ ਵਿੱਚ ਸ਼ਹੀਦ ਏ ਭਗਤ ਸਿੰਘ ਜੀ ਦੀ 115ਵੀਂ ਜਨਮ ਸ਼ਤਾਬਦੀ ਕਾਲਜ ਵਿੱਚ ਮਨਾਈ ਗਈ। ਇਸ ਵਿੱਚ ਵਲੰਟੀਅਰਜ਼ ਨੇ ਰੈਲੀ ਕੱਢੀ, ਸ. ਭਗਤ ਦੇ ਜੀਵਨ ਸੰਬੰਧੀ ਸੈਮੀਨਾਰ ਵਿੱਚ ਹਿੱਸਾ ਲਿਆ ਅਤੇ ਬਾਅਦ ਦੁਪਹਿਰ ਸ. ਭਗਤ ਸਿੰਘ ਜੀ ਦੇ ਜੀਵਨ ਸੰਬੰਧੀ ਨਾਟਕ ਦੀ ਕੀਤੀ। ਇਨ੍ਹਾਂ ਦੋਹਾਂ ਯੂਨਿਟ ਦੇ 120 ਵਲੰਟੀਅਰਜ਼ ਨੇ ਪ੍ਰੋਗਰਾਮ ਅਫਸਰਾਂ ਦੀ ਅਗਵਾਈ ਵਿੱਚ ਕਿਸਾਨਾਂ ਨੂੰ ਪਰਾਲੀ ਨਾ ਸਾੜ ਜਾਗਰੂਕ ਕਰਨ ਲਈ ਨੇੜਲੇ ਪਿੰਡਾਂ ਜਿਵੇਂ ਸੋਹੀਆਂ ਕਲਾਂ ਸੋਹੀਆਂ ਖੁਰਦ, ਛੋਟਾ ਕਮੋਮਾਜਰਾ, ਵੱਡਾ ਕਮੋਮਾਜਰਾ, ਈਲਵਾਲ, ਖੇੜ ਵਿਖੇ ਰੈਲੀ ਕੱਢੀ। 25-01-2023 ਨੂੰ ਇਨ੍ਹਾਂ ਯੂਨਿਟਾਂ ਦੇ ਵਲੰਟੀਅਰਜ਼ ਨੇ 13ਵੇਂ ਰਾਸ਼ਟਰੀ ਵੋਟਰ ਦਿਵਸ ਨੂੰ ਕਾਲਜ ਵਿੱਚ ਮਨ ਆਪਣਾ ਯੋਗਦਾਨ ਦਿੱਤਾ। ਮਿਤੀ 4-3-2023 ਨੂੰ ਵਲੰਟੀਅਰਜ਼ ਨੇ ਸਲਾਨਾ ਖੇਡ ਸਮਾਰੋਹ ਵਿੱਚ ਮਾਰਚ-ਪਾਸਟ ਵਿੱਚ ਹਿੱਸ ਐਨ.ਐਸ.ਐਸ. ਯੂਨਿਟ-2 (ਲੜਕੀਆਂ) ਦੀਆਂ ਵਲੰਟੀਅਰਜ਼ ਨੇ 7 ਮਾਰਚ 2023 ਨੂੰ ਅੰਤਰਰਾਸ਼ਟਰੀ ਔਰਤ ਦਿਵਸ ਸਮਾ ਹਿੱਸਾ ਲਿਆ। ਇਹਨਾਂ ਯੂਨਿਟਾ ਵੱਲੋਂ ਮਿਤੀ 4-2-2023 ਤੋਂ 10-2-2023 ਤੱਕ ਪਿੰਡ ਸੋਹੀਆਂ ਕਲਾਂ ਵਿਖੇ 7 ਰੋਜ਼ਾ (ਦਿਨ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਪਿੰਡ ਦੇ ਸਰਪੰਚ ਸ਼੍ਰੀ ਪ੍ਰਿਤਪਾਲ ਸਿੰਘ ਜੀ ਵੱਲੋਂ ਕੀਤਾ ਗਿਆ ਕੈਂਪ ਦੇ ਸਮਾਰੋਹ ਦੇ ਮੁੱਖ ਮਹਿਮਾਨ ਪ੍ਰਿੰਸੀਪਲ ਸ਼੍ਰੀ ਸੁਖਬੀਰ ਸਿੰਘ ਅਤੇ ਵਿਸ਼ੇਸ਼ ਮਹਿਮਾਨ ਪ੍ਰੋ. ਹਰਦੀਪ ਸਿੰਘ ਜੀ ਸਨ। ਇਸ ਕੈਂਪ ਵਿੱਚ ਗਤੀਵਿਧੀਆਂ ਜਿਵੇਂ ਫਸਟ ਏਡ ਟ੍ਰੇਨਿੰਗ, ਰੋਡ ਸੇਫਟੀ ਤੇ ਫਾਇਰ ਸੇਫਟੀ ਟ੍ਰੇਨਿੰਗ, ਆਰਟ ਆਫ਼ ਲਿਵਿੰਗ ਸਬੰਧੀ ਵਰਕ ਆਸਣਾਂ ਸੰਬੰਧੀ ਅਭਿਆਸ, ਬੈਸਟ ਆਊਟ ਆਫ਼ ਵੇਸਟ ਸਬੰਧੀ ਵਰਕਸ਼ਾਪ, ਨਸ਼ਿਆਂ ਸਬੰਧੀ ਰੈਲੀ, ਵੱਖ-ਵੱਖ ਕਲਚਰਲ, ਤੇ ਖੇਡ ਮੁਕਾਬਲੇ, ਵੱਖ-ਵੱਖ ਵਿਸ਼ਿਆਂ ਤੇ ਮਾਹਰਾਂ ਦੇ ਲੈਕਚਰ, ਮਸਤੂਆਣਾ ਸਾਹਿਬ ਦੀ ਯਾਤਰਾ, ਗੁਰੂ ਰਵਿਦਾਸ ਜੀ ਦਾ ਜਨ ਮਨਾਉਣ ਆਦਿ ਗਤੀਵਿਧੀਆਂ ਕੀਤੀਆਂ ਗਈਆਂ। ਕੈਂਪ ਵਿੱਚ ਜਗਪ੍ਰੀਤ ਸ਼ਰਮਾ, ਰਫੀਕ ਖਾਨ, ਬੰਟੀ ਸਿੰਘ, ਗੁਰਤੇਜ ਸਿੰਘ, ਸਿੰਘ, ਵੀਰਪਾਲ ਕੌਰ, ਜੈਨਵ, ਜਸ਼ਨਪ੍ਰੀਤ ਕੌਰ, ਸਿਮਰਨ ਤੇ ਨੰਦਿਨੀ ਨੂੰ ਬੈਸਟ ਵਲੰਟੀਅਰਜ਼ ਐਲਾਨਿਆ ਗਿਆ। ਪ੍ਰਿੰਸੀਪ ਵਲੰਟੀਅਰਜ਼ ਨੂੰ ਮੈਡਲ ਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

## ਐਨ.ਐਸ.ਐਸ. ਯੂਨਿਟ ਨੰ: 3 (ਲੜਕੇ) ਅਤੇ ਯੂਨਿਟ ਨੰ: 4 (ਲੜਕੀਆਂ)

ਕਾਲਜ ਵਿਖੇ ਐਨ.ਐਸ.ਐਸ. ਯੂਨਿਟ-3 ਅਤੇ 4 ਦੇ ਪ੍ਰੋਗਰਾਮ ਅਫ਼ਸਰ ਕ੍ਰਮਵਾਰ ਪ੍ਰੋ. ਜਗਦੀਪ ਸਿੰਘ ਪ੍ਰੋ. ਤਪਿੰਦਰ ਦੋਵਾਂ ਪ੍ਰੋਗਰਾਮ ਅਫ਼ਸਰਾਂ ਦੀ ਅਗਵਾਈ ਵਿੱਚ ਸੈਸ਼ਨ 2022-23 ਦੌਰਾਨ ਐਨ.ਐਸ.ਐਸ. ਗਤੀਵਿਧੀਆਂ ਲਗਾਤਾਰ ਜਾਰੀ ਰਹੀ

**ਸੱਤ ਰੋਜ਼ਾ ਕੈਂਪ :** ਗੁਰਦੁਆਰਾ ਮੰਜੀ ਸਾਹਿਬ, ਬੱਗੂਆਣਾ ਨਗਰ (ਸੰਗਰੂਰ) ਵਿਖੇ, ਸਰਕਾਰੀ ਰਣਬੀਰ ਕਾਲਜ, ਐਨ.ਐਸ.ਐਸ. ਯੂਨਿਟ ਨੰ. 3 (ਲੜਕੇ) ਅਤੇ ਯੂਨਿਟ ਨੰ. 4 (ਲੜਕੀਆਂ) ਦੇ ਸੱਤ (7) ਰੋਜ਼ਾ ਕੈਂਪ ਦੀ ਰਸਮੀ ਤੌਰ ਤੇ ਸ਼ੁਰੂ ਗਈ। ਕੈਂਪ ਦੇ ਉਦਘਾਟਨੀ ਸਮਾਰੋਹ ਵਿੱਚ ਬੱਗੂਆਣਾ ਨਗਰ ਦੇ ਕੌਂਸਲਰ ਸ਼੍ਰੀਮਤੀ ਹਰਵਿੰਦਰ ਕੌਰ ਅਤੇ ਨਗਰ ਦੇ ਹੋਰ ਪਤ

ਜਿਨ੍ਹਾਂ ਵਿਚ ਸ. ਦਰਸ਼ਨ ਸਿੰਘ (ਰਿਟਾਇਰਡ ਮੀਟਰ ਇੰਸਪੈਕਟਰ) , ਸ. ਬਘੇਰ ਸਿੰਘ (ਸਾਬਕਾ ਇੰਸਪੈਕਟਰ, ਪੰਜਾਬ ਪੁਲਿਸ) ਅਤੇ ਡਾ. ਗੁਰਪਾਲ ਸਿੰਘ (ਕਲਸਟਰ ਕੋ-ਆਰਡੀਨੇਟਰ ਭਾਰਤੀ ਫਾਉਂਡੇਸ਼ਨ, ਸੰਗਰੂਰ) ਨੇ ਸ਼ਿਰਕਤ ਕੀਤੀ। ਇਸੇ ਦਿਨ ਦੋਵੇਂ ਐਨ.ਐਸ.ਐਸ. ਯੂਨਿਟਾਂ ਦੇ ਪ੍ਰੋਗਰਾਮ ਅਫਸਰ ਸਾਹਿਬਾਨ ਅਤੇ ਵਲੰਟੀਅਰਜ਼ ਨੇ ਆਉਣ ਵਾਲੇ ਦਿਨਾਂ ਵਿੱਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ 'ਤੇ ਵਿਚਾਰ ਚਰਚਾ ਕੀਤੀ ਅਤੇ ਦੂਸਰੇ ਦਿਨ ਨਸ਼ਿਆਂ ਖਿਲਾਫ਼ ਕੀਤੀ ਜਾਣ ਵਾਲੀ ਰੈਲੀ ਲਈ ਵਲੰਟੀਅਰਜ਼ ਵੱਲੋਂ ਪੋਸਟਰ ਤਿਆਰ ਕੀਤੇ ਗਏ। ਬੰਗੂਆਣਾ ਨਗਰ ਦੀਆਂ ਗਲੀਆਂ ਵਿੱਚ ਨਸ਼ਿਆਂ ਦੇ ਖਿਲਾਫ ਇੱਕ ਜਾਗਰੂਕਤਾ ਰੈਲੀ ਕੱਢੀ ਗਈ। ਵਿਦਵਾਨ ਅਤੇ ਸਮਾਜ ਸੇਵੀ, ਮੋਹਨ ਸ਼ਰਮਾ ਜੀ, ਸਾਬਕਾ ਡਾਇਰੈਕਟਰ ਨਸ਼ਾ ਛੁਡਾਊ ਕੇਂਦਰ, ਸੰਗਰੂਰ ਵੱਲੋਂ ਵਲੰਟੀਅਰਜ਼ ਨਾਲ ਵਿਚਾਰਾਂ ਦੀ ਸਾਂਝ ਪਾਈ ਗਈ। ਉਨ੍ਹਾ ਵੱਲੋਂ ਵਲੰਟੀਅਰਜ਼ ਨੂੰ ਪੰਜਾਬ ਵਿਚ ਵਗ ਰਹੇ ਨਸ਼ੇ ਦੇ ਛੇਵੇਂ ਦਰਿਆ ਅਤੇ ਉਸ ਦੇ ਬੁਰੇ ਪ੍ਰਭਾਵਾਂ ਤੋਂ ਸੁਚੇਤ ਕੀਤਾ ਗਿਆ। ਦੋਵਾਂ ਯੂਨਿਟਾਂ ਦੇ ਵਲੰਟੀਅਰ ਵੱਲੋਂ ਬੰਗੂਆਣਾ ਨਗਰ ਦੇ ਜਨਤਕ ਸਥਾਨਾਂ ਉੱਪਰ 'ਸਵੱਛ ਭਾਰਤ ਅਭਿਆਨ' ਤਹਿਤ ਸਫਾਈ ਕੀਤੀ ਗਈ। ਜਿਸ ਵ੍ਹਿਚ ਉਨ੍ਹਾਂ ਵੱਲੋਂ ਬੰਗੂਆਣਾ ਨਗਰ ਦੀ ਫਿਰਨੀ, ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲ ਅਤੇ ਗੁਰਦੁਆਰਾ ਸਾਹਿਬ ਦੀ ਸਫਾਈ ਕੀਤੀ ਗਈ। ਪ੍ਰੋ. ਨਿਰਮਲ, ਅੰਗਰੇਜੀ ਵਿਭਾਗ, ਸਰਕਾਰੀ ਰਣਬੀਰ ਕਾਲਜ, ਸੰਗਰੂਰ ਜੀ ਵੱਲੋਂ ਵਲੰਟੀਅਰਜ਼ ਨਾਲ ਸਕਾਰਾਤਮਕ ਸੋਚ ਨਾਲ ਜਿੰਦਗੀ ਜਿਊਣ ਦੇ ਆਪਣੇ ਨਿੱਜੀ ਤਜਰਬੇ ਨੂੰ ਸਾਂਝਾ ਕੀਤਾ ਗਿਆ। ਜਿਸ ਵਿੱਚ ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਉਹ ਆਪਣੇ ਸਕਾਰਾਤਮਕ ਰਵੱਈਆ ਦੀ ਮਦਦ ਨਾਲ ਪਿਛਲੇ ਤਿੰਨ ਸਾਲਾਂ ਵਿੱਚ ਕੈਂਸਰ ਦੀ ਬਿਮਾਰੀ ਨੂੰ ਹਰਾ ਕੇ ਜੇਤੂ ਹੋ ਕੇ ਨਿਕਲੇ ਹਨ। ਉਹਨਾਂ ਵਲੰਟੀਅਰਜ਼ ਨੂੰ ਕਿਹਾ ਸਾਡੇ ਸਮੱਸਿਆਵਾਂ ਨਾਲ ਨਜਿੱਠਣ ਦਾ ਨਾਮ ਹੀ ਜਿੰਦਗੀ ਹੈ। ਇਸਦੇ ਨਾਲ ਹੀ ਸਰਦਾਰ ਪ੍ਰੀਤਮ ਸਿੰਘ (ਬਾਦਸ਼ਪੁਰ, ਕੁਦਰਤੀ ਖੇਤੀ ਕਰਨ ਵਾਲੇ ਕਿਸਾਨ) ਨੇ ਵਿਸ਼ੇਸ਼ ਤੌਰ ਤੇ ਹਾਜਰੀ ਲਗਵਾਈ। ਉਨ੍ਹਾਂ ਵੱਲੋਂ ਆਪਣੇ ਖੇਤਾਂ ਵਿੱਚ ਕੁਦਰਤੀ ਖੇਤੀ ਨਾਲ ਤਿਆਰ ਕੀਤੇ ਗੁੜ ਅਤੇ ਸ਼ੱਕਰ ਦਾ ਸਵਾਦ ਵਲੰਟੀਅਰਜ਼ ਨੂੰ ਚਖਾਇਆ ਗਿਆ। ਡਾ. ਮੋਨਿਕਾ ਯਾਦਵ ਦੀ ਮਦਦ ਨਾਲ ਛਾਂਦਾਰ ਪੌਦੇ ਲਗਾਏ ਗਏ। ਡਾ. ਅਮਰਜੀਤ ਮਾਨ ਨੇ ਕੁਦਰਤੀ ਖੇਤੀ ਕਰਨ ਦੇ ਨੁਕਤੇ ਵਲੰਟੀਅਜ਼ ਨਾਲ ਸਾਂਝੇ ਕੀਤੇ। ਵਲੰਟੀਅਰਜ਼ ਨੂੰ ਭਗਤ ਪੂਰਨ ਸਿੰਘ ਜੀ ਪਿੰਗਲਵਾੜਾ ਬਰਾਂਚ ਸੰਗਰੂਰ ਵਿਖੇ ਵਿਜਿਟ ਕਰਵਾਈ ਗਈ ਜਿਸ ਵਿੱਚ ਵਲੰਟੀਅਰਜ਼ ਨੂੰ ਪਿੰਗਲਵਾੜਾ ਵਿਖੇ ਚੱਲ ਰਹੇ ਮਨੁੱਖਤਾ ਦੀ ਸੇਵਾ ਦੇ ਨਿਰਸਵਾਰਥ ਕਾਰਜਾਂ ਤੋਂ ਜਾਣੂ ਕਰਵਾਇਆ ਗਿਆ ਅਤੇ ਵਲੰਟੀਅਰਜ਼ ਨੂੰ ਅਜਿਹੇ ਕਾਰਜਾਂ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ ਗਿਆ। ਵਲੰਅੀਅਰਜ਼ ਦੀ ਇੱਕ ਟੀਮ ਵੱਲੋਂ ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲ ਦੀਆਂ ਦੀਵਾਰਾਂ ਉੱਪਰ 'ਵਡਮੁੱਲੇ ਵਿਚਾਰ' ਅਤੇ 'ਸੰਦੇਸ਼' ਵੀ ਲਿਖੇ ਗਏ। ਪ੍ਰੋ. ਗੁਰਮੀਤ ਕੌਰ ਭੱਠਲ ਜੀ (ਰਿਟਾਇਰਡ ਪ੍ਰਿੰਸੀਪਲ ਸਰਕਾਰੀ ਰਣਬੀਰ ਕਾਲਜ, ਸੰਗਰੂਰ) ਵੱਲੋਂ ਵਲੰਟੀਅਰਜ਼ ਨਾਲ ਵਿਚਾਰਾਂ ਦੀ ਸਾਂਝ ਪਾਈ ਗਈ। ਉਨ੍ਹਾਂ ਵੱਲੋਂ ਵਲੰਟੀਅਰਜ਼ ਨੂੰ ਅਣਥੱਕ ਮਿਹਨਤ ਕਰਨ ਮਾਪਿਆਂ ਅਤੇ ਅਧਿਆਪਕਾਂ ਦੇ ਆਗਿਆਕਾਰੀ ਬਣਨ ਅਤੇ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਦੂਰ ਰਹਿਣ ਦਾ ਸੱਦਾ ਦਿੱਤਾ ਗਿਆ। ਉੱਘੇ ਪੰਜਾਬੀ ਕਮੇਡੀ ਫਿਲਮ ਅਦਾਕਾਰ ਅਤੇ ਨਾਟਕਕਾਰ ਗਗਨ ਗਿੱਲ ਜੀ ਉਚੇਚੇ ਤੌਰ ਤੇ ਵਲੰਟੀਅਰਜ਼ ਦੇ ਰੂਬਰੂ ਹੋਏ ਉਹਨਾਂ ਵਲੋਂ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵਿੱਚ ਬਿਤਾਏ ਪਲਾਂ ਨੂੰ ਯਾਦ ਕੀਤਾ। ਕੈਂਪ ਦੌਰਾਨ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵਿਖੇ ਪੰਜਾਬੀ ਭਾਸ਼ਾ ਪਾਸਾਰ ਭਾਈਚਾਰਾ ਕੈਨੇਡਾ ਵਲੋਂ ''ਪੰਜਾਬੀ ਭਾਸ਼ਾ ਦੇ ਦਰਪੇਸ਼ ਸਮਸਿਆਵਾਂ ਅਤੇ ਹੱਲ'' ਵਿਸ਼ੇ 'ਤੇ ਕਾਰਵਾਈ ਗਈ ਅੰਤਰਰਾਸ਼ਟਰੀ ਵਿਚਾਰ ਗੋਸ਼ਟੀ ਵਿੱਚ ਵਲੰਟੀਅਰਜ਼ ਦੀ ਸ਼ਮੂਲੀਅਤ ਕਰਵਾਈ ਗਈ। ਜਿਸ ਵਿਚ ਵੱਖ-ਵੱਖ ਬੁਲਾਰਿਆਂ ਵਲੋਂ ਪੰਜਾਬੀ ਭਾਸ਼ਾ ਨਾਲ ਸਬੰਧਤ ਰੋਜ਼ਗਾਰ ਦੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੌਕਿਆਂ ਤੋਂ ਵਲੰਟੀਅਰਜ਼ ਨੂੰ ਜਾਣੂ ਕਰਵਾਇਆ ਗਿਆ। ਵਲੰਟੀਅਰਜ਼ ਦੀ ਬਰਨਾਲਾ ਰੋਡ ਤੇ ਪੁਲ ਥੱਲੇ ਸਥਿਤ ਸਲੱਮ ਏਰੀਏ ਦੀ ਵਿਜਿਟ ਕਰਵਾਈ ਗਈ। ਜਿੱਥੇ ਵਲੰਟੀਅਰਜ਼ ਵਲੋਂ ਵਿਦਿਆਰਥੀਆਂ ਦੇ ਨਾਲ ਗੱਲਬਾਤ ਕੀਤੀ ਗਈ ਅਤੇ ਉਨ੍ਹਾਂ ਨੂੰ ਸਕੂਲ ਜਾਣ ਲਈ ਪ੍ਰੇਰਿਆ ਗਿਆ, ਵਿਦਿਆਰਥੀਆਂ ਨੂੰ ਸਟੇਸ਼ਨਰੀ ਵੀ ਵੰਡੀ ਗਈ। ਯੋਗਾ ਟ੍ਰੇਨਰ ਮੈਡਮ ਮਨਪ੍ਰੀਤ ਕੌਰ ਦੁਆਰਾ ਵਲੰਟੀਅਰਜ਼ ਨੂੰ ਯੋਗਾ ਕਰਵਾਇਆ ਗਿਆ ਅਤੇ ਯੋਗਾ ਦੀ ਮਹੱਤਤਾ ਉਪਰ ਵਿਸ਼ੇਸ਼ ਭਾਸ਼ਣ ਵੀ ਕਰਵਾਇਆ ਗਿਆ। ਇਸਦੇ ਨਾਲ ਹੀ ਕੈਂਪ ਦੀ ਸਮਾਪਤੀ ਉੱਪਰ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿਚ ਪ੍ਰੋ. ਸੁਖਬੀਰ ਸਿੰਘ (ਪ੍ਰਿੰਸੀਪਲ ਸਰਕਾਰੀ ਰਣਬੀਰ ਕਾਲਜ, ਸੰਗਰੂਰ) ਅਤੇ ਕਾਲਜ ਸਟਾਫ਼ ਮੈਂਬਰ ਸਾਹਿਬਾਨ ਸ਼ਾਮਿਲ ਹੋਏ। ਉਹਨਾਂ ਵੱਲੋਂ ਸਾਰੇ ਵਲੰਟੀਅਰਜ਼ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਐਨ.ਐਸ.ਐਸ. ਯੂਨਿਟ - 3 (ਲੜਕੇ) ਵਿਚੋਂ ਵਲੰਟੀਅਰ ਹਰਜਿੰਦਰ ਸਿੰਘ (ਬੀ.ਏ. ਭਾਗ ਤੀਜਾ, ਰੋਲ ਨੰਬਰ - 4521), ਵਲੰਟੀਅਰ ਜਸਲੀਨ ਸਿੰਘ ਕੋਹਲੀ (ਬੀ.ਏ. ਭਾਗ ਤੀਜਾ, ਰੋਲ ਨੰਬਰ-4052) ਅਤੇ ਜਸਪ੍ਰੀਤ ਕੌਰ (ਬੀ.ਏ. ਭਾਗ ਤੀਜਾ, ਰੋਲ ਨੰਬਰ - 4068) ਨੂੰ ਸਰਵੋਤਮ ਵਲੰਟੀਅਰਜ਼ ਵਜੋਂ ਸਨਮਾਨਿਤ ਕੀਤਾ ਗਿਆ।

## ਸੜਕ ਸੁਰੱਖਿਆ ਕਮੇਟੀ

ਪ੍ਰਿੰਸੀਪਲ ਸੁਖਬੀਰ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਸੜਕ ਸੁਰੱਖਿਆ ਕਮੇਟੀ ਡਾ. ਸੁਖਵਿੰਦਰ ਸਿੰਘ ਪਰਮਾਰ
ਅਗਵਾਈ ਤਹਿਤ ਬੜੀ ਸਫ਼ਲਤਾ ਸਹਿਤ ਕਾਰਜਸ਼ੀਲ ਹੈ। ਕਮੇਟੀ ਵੱਲੋਂ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਵਿਦਿਆਰਥੀ
ਨੂੰ ਸੜਕ ਸੁਰੱਖਿਆ ਅਤੇ ਟ੍ਰੈਫਿਕ ਨਿਯਮਾਂ ਬਾਰੇ ਚੇਤੰਨ ਕੀਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਸਹੀ ਉਮਰ 'ਤੇ ਜਾ ਕੇ ਵਾਹਨ ਨੂੰ ਆ
ਹੱਥ ਵਿੱਚ ਲੈਣ ਲਈ ਤਾਕੀਦ ਕੀਤੀ ਜਾਂਦੀ ਹੈ। ਸੜਕੀ ਸਫ਼ਰ ਦੌਰਾਨ ਕੋਈ ਕਰਤੱਵ ਦਿਖਾਉਣ ਤੋਂ ਵਰਜਿਆ ਜਾਂਦਾ ਹੈ। ਵਾਹਨਾਂ ਦੇ ਕਾ
ਪੱਤਰ ਪੂਰੇ ਰੱਖਣ ਦੀ ਤਾਕੀਦ ਕੀਤੀ ਜਾਂਦੀ ਹੈ। ਇਸ ਵਰ੍ਹੇ ਕਮੇਟੀ ਵੱਲੋਂ 'ਸੜਕ ਸੁਰੱਖਿਆ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ' ਵਿਸ਼ੇ
ਡੀ.ਐਸ.ਪੀ. ਸੁਖਵਿੰਦਰਪਾਲ ਸਿੰਘ ਜ਼ਿਲ੍ਹਾ ਟ੍ਰੈਫਿਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਟ੍ਰੈਫਿਕ ਪੁਲਿਸ ਦੇ ਸਹਾਇਕ ਥਾਣੇਦਾਰ
ਹਰਦੇਵ ਸਿੰਘ ਚਹਿਲ ਨੇ ਪੂਰੇ ਵਿਵਹਾਰਿਕ ਢੰਗ ਨਾਲ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ।, ਸਮੇਂ ਸਮੇ
ਵਿਦਿਆਰਥੀਆਂ ਦੇ ਵਹੀਕਲ ਸਟੈਂਡ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਵਿਦਿਆਰਥੀਆਂ ਨੂੰ ਆਪਣੀ ਜਾਨ ਤੇ ਹੋਰਨਾਂ ਦੀ ਜਾਨ ਬਚਾ
ਲਈ ਉਤਸਾਹਿਤ ਕੀਤਾ ਜਾਂਦਾ ਹੈ।

## ਲਿੰਗ ਸਮਾਨਤਾ ਸੈੱਲ

ਇਸ ਕਮੇਟੀ ਦੇ ਕਨਵੀਨਰ ਵਜੋਂ ਡਾ. ਹਰਿੰਦਰ ਕੌਰ ਦੀ ਅਗਵਾਈ ਵਿੱਚ ਔਰਤਾਂ ਦੀ ਚੇਤੰਨਤਾ ਦੇ ਤਹਿਤ ਮਿਤੀ 7-3-2
ਕਾਲਜ ਵਿਖੇ 'ਅੰਤਰ ਰਾਸ਼ਟਰੀ ਔਰਤ ਦਿਵਸ' ਮਨਾਇਆ ਗਿਆ। ਇਸ ਵਿੱਚ ਹਲਕਾ ਵਿਧਾਇਕ ਸ੍ਰੀਮਤੀ ਨਰਿੰਦਰ ਕੌਰ ਭਰਾ
ਮਾਤਾ ਚਰਨਜੀਤ ਕੌਰ ਜੀ ਮੁੱਖ ਮਹਿਮਾਨ ਅਤੇ ਆਮ ਆਦਮੀ ਪਾਰਟੀ ਦੇ ਸਟੇਟ ਜੁਆਇੰਟ ਸਕੱਤਰ ਪ੍ਰੋ. ਜਸਵੀਰ ਕੌਰ ਸ਼ੇਰਗਿੱਲ ਵਿ
ਮਹਿਮਾਨ ਵਜੋਂ ਸ਼ਾਮਿਲ ਹੋਏ। ਪ੍ਰੋ. ਨਿਰਮਲ, ਸਹਾਇਕ ਪ੍ਰੋ. ਅੰਗਰੇਜ਼ੀ ਨੇ 'ਨਾਰੀ ਸ਼ਕਤੀ' ਵਿਸ਼ੇ ਤੇ ਪੇਪਰ ਪ੍ਰਸਤੁਤ ਕੀਤਾ। ਇਸ
ਕਾਲਜ ਦਾ ਸਮੁੱਚਾ ਨਾਰੀ ਸਟਾਫ ਹਾਜ਼ਰ ਸੀ।

## ਏਕ ਭਾਰਤ ਸ਼੍ਰੇਸ਼ਠ ਭਾਰਤ ਕਲੱਬ (EBSBS)

ਏਕ ਭਾਰਤ ਸ਼੍ਰੇਸ਼ਠ ਭਾਰਤ ਕਲੱਬ ਦੇ ਨੋਡਲ ਅਫ਼ਸਰ ਪ੍ਰੋ. ਜਗਦੀਪ ਸਿੰਘ ਹਨ। 25 ਅਪ੍ਰੈਲ 2022 ਨੂੰ ਸਰਕਾਰੀ ਰਣ
ਕਾਲਜ, ਸੰਗਰੂਰ ਵਿਖੇ ਪ੍ਰਿੰਸੀਪਲ ਪ੍ਰੋ. ਸੁਖਬੀਰ ਸਿੰਘ ਜੀ ਦੀ ਰਹਿਨੁਮਾਈ ਹੇਠ 'ਏਕ ਭਾਰਤ ਸ਼੍ਰੇਸ਼ਠ ਭਾਰਤ' ਕਲੱਬ ਵੱਲੋਂ 'ਆਂਧਰਾ-ਪ੍ਰ
ਨਾਲ ਜਾਣ-ਪਛਾਣ: ਇਸਦਾ ਇਤਿਹਾਸ, ਭੂਗੋਲ, ਰਾਜਨੀਤਿਕ ਅਤੇ ਸਮਾਜਿਕ ਵਿਵਸਥਾ' ਥੀਮ ਉੱਪਰ ਇੱਕ 'ਕੁਇਜ਼ ਮੁਕਾਬ
ਕਰਵਾਇਆ ਗਿਆ। ਇਸ ਮੁਕਾਬਲੇ ਦੇ ਪਹਿਲੇ ਰਾਊਂਡ ਵਿਚ 9 ਟੀਮਾਂ ਨੇ ਭਾਗ ਲਿਆ। ਦੂਸਰੇ ਰਾਊਂਡ ਲਈ ਤਿੰਨ ਟੀਮਾਂ ਨੂੰ ਚੁ
ਗਿਆ। ਦੂਸਰੇ ਅਤੇ ਆਖਰੀ ਰਾਊਂਡ ਵਿੱਚ ਪਹਿਲਾ ਸਥਾਨ ਟੀਮ 'A' (ਕਮਲਪ੍ਰੀਤ ਕੌਰ, ਹਰਪ੍ਰੀਤ ਸਿੰਘ , ਮਹਿਕ) ਨੇ ਪ੍ਰਾਪਤ ਕੀਤ
ਦੂਸਰਾ ਸਥਾਨ ਟੀਮ 'B' (ਰਘਬੀਰ ਸਿੰਘ, ਅਰਸ਼ਦੀਪ ਸਿੰਘ, ਜਸਪ੍ਰੀਤ ਸਿੰਘ) ਨੇ ਪ੍ਰਾਪਤ ਕੀਤਾ। 23 ਮਈ 2022 ਨੂੰ ਪੰਜਾਬ ਸਰਕਾ
ਦਿਸ਼ਾ ਨਿਰਦੇਸ਼ਾਂ ਅਨੁਸਾਰ, 'ਏਕ ਭਾਰਤ ਸ਼੍ਰੇਸ਼ਠ ਭਾਰਤ' ਕਲੱਬ ਵੱਲੋਂ 'ਹੱਸਦਾ ਪੰਜਾਬ ਮੇਰਾ ਖੁਆਬ' ਵਿਸ਼ੇ ਉੱਪਰ 'ਪੋਸਟਰ ਮੇ
ਮੁਕਾਬਲਾ' ਕਰਵਾਇਆ ਗਿਆ। ਜਿਸ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਕੁੱਲ 22 ਵਿਦਿਆਰਥੀਆਂ ਨੇ ਭਾਗ ਲਿਆ। ਜਿਨ੍ਹਾਂ
ਸਿਮਰਨ ਕੌਰ, ਪ੍ਰਾਚੀ ਸ਼ਰਮਾਂ ਅਤੇ ਸਿਰਮਨ ਸਿੰਘ ਨੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਲ ਹਾਸਿਲ ਕੀਤਾ। ਪੰਜਾਬ ਸਰ
ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਕਾਲਜ ਦੇ (EBSBS) ਕਲੱਬ ਦੀਆਂ ਅਗਸਤ ਮਹੀਨੇ ਦੀਆਂ ਗਤੀਵਿਧੀਆਂ ਅਜਾਦੀ ਦੇ
ਅੰਮ੍ਰਿਤ-ਮਹਾਂਉਤਸਵ ਨੂੰ ਸਮਰਪਿਤ ਰਹੀਆਂ। 'ਹਰ ਘਰ ਤਿਰੰਗਾ ਮੁਹਿੰਮ' ਦਾ ਹਿੱਸਾ ਬਣਦੇ ਹੋਏ ਕਾਲਜ ਵੱਲੋਂ ਵਿਦਿਆਰਥੀਆਂ
ਕਾਲਜ ਦੇ ਟੀਚਿੰਗ ਅਤੇ ਨਾਨ-ਟੀਚਿੰਗ ਅਮਲੇ ਨੂੰ ਰਾਸ਼ਟਰੀ ਝੰਡੇ ਪ੍ਰਦਾਨ ਕੀਤੇ ਗਏ, ਉਹਨਾਂ ਨੂੰ ਆਜ਼ਾਦੀ ਦਾ 75ਵਾਂ ਅੰਮ੍ਰਿਤ-ਮਹਾਂਉ
ਮਨਾਉਂਦੇ ਹੋਏ 13 ਤੋਂ 15 ਅਗਸਤ ਤੱਕ ਆਪਣੇ-ਆਪਣੇ ਘਰਾਂ ਉੱਪਰ ਰਾਸ਼ਟਰੀ ਝੰਡਾ ਲਹਿਰਾਉਣ ਲਈ ਪ੍ਰੇਰਿਆ ਗਿਆ। 'ਸੈਲਫ਼ੀ
ਤਿਰੰਗਾ' ਦੇ ਥੀਮ ਨਾਲ ਸੈਲਫ਼ੀ ਜਾਂ ਫੋਟੋ ਕਲਿੱਕ ਕਰਕੇ ਕਾਲਜ ਦੇ 'ਵਟਸਐਪ' ਗਰੁੱਪ ਵਿੱਚ ਭੇਜਣ ਲਈ ਕਿਹਾ ਗਿਆ। 'ਸਾਡਾ ਰਾਸ਼
ਝੰਡਾ - ਸਾਡੇ ਰਾਸ਼ਟਰ ਦੀ ਏਕਤਾ ਅਤੇ ਸ੍ਰੇਸ਼ਠਤਾ ਦਾ ਪ੍ਰਤੀਕ' ਵਿਸ਼ੇ ਉੱਪਰ ਸੰਗੋਸ਼ਠੀ ਕਰਵਾਈ ਗਈ। ਜਿਸ ਵਿੱਚ ਕਾਲਜ ਦੇ ਸਾਰੇ
ਅਤੇ NCC ਯੂਨਿਟਾਂ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਵਿਦਿਆਰਥੀਆਂ ਨੂੰ ਅਜ਼ਾਦੀ ਦੇ ਇਸ 75ਵੇਂ
ਤੇ ਆਪਣੇ-ਆਪਣੇ ਘਰਾਂ ਉੱਪਰ ਰਾਸ਼ਟਰੀ ਝੰਡਾਂ ਲਹਿਰਾ ਕੇ ਮਾਣ ਮਹਿਸੂਸ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਕਾਲਜ ਦੇ EBSB
ਦੇ ਕਨਵੀਨਰ ਅਤੇ NSS ਯੂਨਿਟ 3 (ਲੜਕੇ) ਦੇ ਪ੍ਰੋਗਰਾਮ ਅਫ਼ਸਰ ਜਗਦੀਪ ਸਿੰਘ (ਸਹਾਇਕ ਪ੍ਰੋਫੈਸਰ ਸਮਾਜ-ਵਿਗਿਆਨ) ਦੁਆ

ਉਕਤ ਵਿਸ਼ੇ ਉੱਪਰ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ। ਪ੍ਰੋਗਰਾਮ ਦੇ ਅੰਤ ਵਿੱਚ NSS ਯੂਨਿਟ 2 (ਲੜਕੀਆਂ) ਦੀ ਵਲੰਟੀਅਰ ਭਾਰਗਵੀ ਚਾਵਲਾ ਵੱਲੋਂ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ। ਭਾਰਗਵੀ ਚਾਵਲਾ ਦੁਆਰਾ "ਰਾਸ਼ਟਰੀ ਝੰਡੇ ਦੇ ਕੋਡ" ਦੇ ਹਵਾਲੇ ਨਾਲ ਆਪਣੇ ਵਿਦਿਆਰਥੀਆਂ ਸਾਥੀਆਂ ਨੂੰ ਰਾਸ਼ਟਰੀ ਝੰਡੇ ਦੇ ਸਨਮਾਨ ਨਾਲ ਸਬੰਧਿਤ ਕਰਨਯੋਗ (DO'S) ਅਤੇ ਵਰਜਿਤ (DON'T'S) ਹਦਾਇਤਾਂ ਤੋਂ ਜਾਣੂ ਕਰਵਾਇਆ ਗਿਆ। ਸਮੁੱਚੀ ਵਿਚਾਰ-ਚਰਚਾ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਦੇ NSS ਯੂਨਿਟ 1 (ਲੜਕੇ) ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਰੁਪਿੰਦਰ ਕੁਮਾਰ ਸ਼ਰਮਾ ਦੁਆਰਾ ਬਾਖੂਬੀ ਨਿਭਾਈ ਗਈ।

## ਰੈੱਡ ਕਰਾਸ ਯੂਨਿਟ

ਸਾਲ 2022-23 ਦੌਰਾਨ ਰੈੱਡ ਕਰਾਸ ਯੂਨਿਟ, ਪ੍ਰਿੰਸੀਪਲ ਸੁਖਬੀਰ ਸਿੰਘ ਜੀ ਦੀ ਅਗਵਾਈ ਹੇਠ ਕਨਵੀਨਰ ਡਾ. ਹਤਿੰਦਰ ਕੌਰ, ਪ੍ਰੋ. ਜਗਤਾਰ ਸਿੰਘ, ਪ੍ਰੋ. ਤਪਿੰਦਰ ਕੌਰ ਦੀ ਦੇਖ ਰੇਖ ਹੇਠ ਗਤੀਵਿਧੀਆਂ ਕਰਵਾਉਣ ਵਿੱਚ ਪੂਰੀ ਤਰ੍ਹਾਂ ਸਰਗਰਮ ਰਿਹਾ। ਵਰਲਡ ਰੈੱਡ ਕਰਾਸ ਡੇ 8-5-22 ਨੂੰ ਹੋਮੀ ਭਾਬਾ ਕੈਂਸਰ ਹਸਪਤਾਲ ਸੰਗਰੂਰ ਵਿਖੇ ਖੂਨਦਾਨ ਕੈਂਪ ਲਗਾ ਕੇ ਮਨਾਇਆ ਗਿਆ। ਮਿਤੀ 17-5-22 ਨੂੰ ਕਾਲਜ ਵਿਖੇ ਰੈੱਡ ਕਰਾਸ ਵੱਲੋਂ ਖੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿੱਚ 82 ਯੂਨਿਟ ਖੂਨਦਾਨ ਰੈੱਡ ਕਰਾਸ ਵਲੰਟੀਅਰਜ਼ ਵੱਲੋਂ ਕੀਤਾ ਗਿਆ। ਮਿਤੀ 30-09-2022 ਨੂੰ ਬਲੱਡ ਡੋਨੇਸ਼ਨ ਡਰਾਈਵ ਤਹਿਤ ਰੈੱਡ ਕਰਾਸ ਯੂਨਿਟ ਨੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ। ਮਿਤੀ 23,24 ਨਵੰਬਰ 2022 ਨੂੰ ਭਾਈ ਘਨਈਆ ਜੀ ਦੀ ਯਾਦ ਵਿੱਚ ਰੈੱਡ ਕਰਾਸ ਦਿਵਸ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਿਖੇ ਮਨਾਇਆ ਗਿਆ, ਜਿਸ ਵਿੱਚ ਕਾਲਜ ਦੇ ਰੈੱਡ ਕਰਾਸ ਵਲੰਟੀਅਰ ਦਿਲਪ੍ਰੀਤ ਸਿੰਘ ਨੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਮਿਤੀ 14, 15 ਮਾਰਚ 2023 ਨੂੰ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਵਿਖੇ ਆਯੋਜਿਤ ਯੂਥ ਰੈੱਡ ਕਰਾਸ ਕਾਊਂਸਲਰ ਵਰਕਸ਼ਾਪ ਵਿੱਚ ਪ੍ਰੋ. ਜਗਤਾਰ ਸਿੰਘ ਜੀ ਨੇ ਟਰੇਨਿੰਗ ਲਈ। ਮਿਤੀ 27-3-23 ਤੋਂ 31-3-23 ਤੱਕ ਸਟੇਟ ਯੂਥ ਰੈੱਡ ਕਰਾਸ ਕੈਂਪ ਜੋ ਕਿ ਚੰਡੀਗੜ੍ਹ ਯੂਨੀਵਰਸਿਟੀ ਘੜੂੰਆ ਵਿਖੇ ਲਗਾਇਆ ਗਿਆ। ਜਿਸ ਵਿੱਚ ਕਾਲਜ ਦੇ 8 ਵਿਦਿਆਰਥੀਆਂ (4 ਲੜਕੇ ਅਤੇ 4 ਲੜਕੀਆਂ) ਨੇ ਭਾਗ ਲਿਆ। ਇਸ ਵਿੱਚ ਇੰਚਾਰਜ ਦੇ ਤੌਰ 'ਤੇ ਪ੍ਰੋ. ਜਗਤਾਰ ਸਿੰਘ ਜੀ ਨੇ ਆਪਣੀ ਡਿਊਟੀ ਨਿਭਾਈ। ਇਸ ਵਿੱਚ ਕਾਲਜ ਦੇ ਵਲੰਟੀਅਰ ਦਿਲਪ੍ਰੀਤ ਸਿੰਘ ਨੇ ਪੋਸਟਰ ਮੇਕਿੰਗ ਮੁਕਾਬਲੇ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ।

## ਕੈਰੀਅਰ ਕਾਊਂਸਲਿੰਗ, ਪਲੇਸਮੈਂਟ ਐਂਡ ਸਕਿਲ ਡਿਵੈਲਪਮੈਂਟ ਸੈੱਲ

ਮਿਤੀ 1 ਮਾਰਚ 2023 ਤੋਂ 15 ਮਾਰਚ 2023 ਤੱਕ ਕੈਰੀਅਰ ਕਾਊਂਸਲਿੰਗ, ਪਲੇਸਮੈਂਟ ਐਂਡ ਸਕਿਲ ਡਿਵੈਲਪਮੈਂਟ ਸੈੱਲ ਵੱਲੋਂ 10 ਰੋਜ਼ਾ ਵਰਕਸ਼ਾਪ ਕਰਵਾਈ ਗਈ। ਪੰਜਾਬ ਸਰਕਾਰ ਵੱਲੋਂ ਪ੍ਰਾਪਤ ਵਿੱਤੀ ਸਹਾਇਤਾ ਅਧੀਨ ਇਸ 10 ਰੋਜ਼ਾ ਵਰਕਸ਼ਾਪ ਦੌਰਾਨ 200 ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੂੰ ਬੇਸਿਕ ਆਫ਼ ਕੰਪਿਊਟਰ, ਸੌਫਟ ਸਕਿਲਜ਼ ਅਤੇ ਕਮਿਊਨੀਕੇਸ਼ਨ ਅਤੇ ਡਿਜੀਟਲ ਮਾਰਕੇਟਿੰਗ ਦੀ ਟ੍ਰੇਨਿੰਗ ਦੇ ਨਾਲ ਨਾਲ ਹਰ ਰੋਜ਼ ਵੱਖ-ਵੱਖ ਸ਼ਖਸ਼ੀਅਤਾਂ ਦੇ ਰੂਬਰੂ ਕਰਵਾਇਆ ਗਿਆ। ਵੱਖ-ਵੱਖ ਵਿਭਾਗਾਂ ਤੋਂ ਆਈਆਂ ਤਜਰਬੇਕਾਰ ਸ਼ਖਸ਼ੀਅਤਾਂ ਨੇ ਵਿਦਿਆਰਥੀਆਂ ਨੂੰ ਅੱਗੇ ਵੱਧਣ ਅਤੇ ਜ਼ਿੰਦਗੀ ਵਿੱਚ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਮਿਤੀ 16 ਮਾਰਚ 2023 ਨੂੰ ਕਾਲਜ ਵਿੱਚ ਪੰਜ ਵੱਖ-ਵੱਖ ਕੰਪਨੀਆਂ ਵੱਲੋਂ Placement Camp ਲਗਾਇਆ ਗਿਆ। ਇਸ Placement Drive ਦੌਰਾਨ 23 ਵਿਦਿਆਰਥੀਆਂ ਨੂੰ Job Letter offer ਕੀਤੇ ਗਏ। ਮਿਤੀ 14 ਮਾਰਚ 2023 ਤੋਂ 21 ਮਾਰਚ ਤੱਕ ਇੱਕ ਸੱਤ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਲਗਭਗ 100 ਵਿਦਿਆਰਥੀਆਂ ਨੇ Soft Skills ਅਤੇ Computer ਦੀ Basic Training ਹਾਸਿਲ ਕੀਤੀ। ਇਹਨਾਂ ਦੋਹਾਂ ਵਰਕਸ਼ਾਪਾਂ ਦੇ ਦੌਰਾਨ ਵਿਦਿਆਰਥੀਆਂ ਨੂੰ Trident, Barnala, Sidh Tools, Ludhiana Industry Visit ਕਰਵਾਇਆ ਗਿਆ। ਵਿਦਿਆਰਥੀਆਂ ਨੇ Red apple Hotel Industry ਦੀ Visit ਕੀਤਾ ਅਤੇ ਆਪਣਾ ਰੁਝਾਨ ਦਿਖਾਇਆ। ਮਿਤੀ 16-2-2023 ਨੂੰ Gurman IT Company ਵੱਲੋਂ ਵੱਖ-ਵੱਖ Streams ਦੇ ਵਿਦਿਆਰਥੀਆਂ ਦਾ ਲਿਖਤੀ ਟੈਸਟ ਅਤੇ ਮੌਕੇ ਤੇ Interview ਕਰਵਾਈ ਗਈ। ਇਸ Placement Drive ਵਿੱਚ 16 ਵਿਦਿਆਰਥੀਆਂ ਦੀ Selection ਹੋਈ। ਮਿਤੀ 25-04-2023 ਨੂੰ DBEE, Sangrur ਦੇ ਸਹਿਯੋਗ ਨਾਲ ICICI Bank ਵੱਲੋਂ Final Year ਦੇ ਵਿਦਿਆਰਥੀਆਂ ਲਈ Post Graduate ਅਤੇ Placement Camp ਲਗਵਾਇਆ ਗਿਆ। ਜਿਸ ਵਿੱਚ ਲਗਭਗ 52 ਵਿਦਿਆਰਥੀਆਂ ਦਾ ਲਿਖਤੀ ਟੈਸਟ ਅਤੇ ਇੰਟਰਵਿਊ ਲਈ ਗਈ ਜਿਨ੍ਹਾਂ ਵਿੱਚੋਂ 45 ਵਿਦਿਆਰਥੀ ਸਿਲੈਕਟ ਹੋਏ। ਮਿਤੀ 28-4-2023 ਨੂੰ IOL Pharmaceutical Company Barnala ਵੱਲੋਂ Placement Drive ਕਰਵਾਈ ਗਈ। ਇਸ ਵਿੱਚ B.Sc Med, Non-Medical Part III ਅਤੇ B.Com-III ਦੇ ਵਿਦਿਆਰਥੀਆਂ ਨੇ ਮੌਕੇ ਤੇ Interview ਦਿੱਤੀ।

## ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਕੇਂਦਰ

ਪੰਜਾਬ ਸਰਕਾਰ ਦੁਆਰਾ ਸਥਾਪਿਤ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀ. ਪਟਿਆਲਾ ਵੱਲੋਂ ਕਾਲਜ ਵਿੱਚ ਲ ਸਪੋਰਟ ਸੈਂਟਰ ਸਥਾਪਿਤ ਕੀਤਾ ਗਿਆ। ਕਾਲਜ ਦੇ ਫਿਜ਼ਿਕਸ ਵਿਭਾਗ ਮੁਖੀ ਪ੍ਰੋ. ਜਗਸੀਰ ਸਿੰਘ ਇਸ ਸੈਂਟਰ ਦੇ ਕੋਆਰਡੀਨੇਟਰ ਇਸ ਸੈਂਟਰ ਦੇ ਫੈਸ਼ਨ ਡਿਜਾਈਨਿੰਗ ਕੋਰਸ ਦੇ ਵਿਦਿਆਰਥੀਆਂ ਨੇ ਪ੍ਰੋ. ਹਰਿੰਦਰ ਕੌਰ ਦੀ ਅਗਵਾਈ ਵਿੱਚ ਮਿਤੀ 20-3-23 ਤਿਆਰ ਕੀਤੇ ਕੱਪੜਿਆਂ ਦੀ ਪ੍ਰਦਰਸ਼ਨੀ ਲਗਾਈ।

## ਸਟੈਂਡਰਡ ਕਲੱਬ

ਭਾਰਤ ਸਰਕਾਰ ਦੇ ਅਦਾਰਾ ਬਿਊਰੋ ਆਫ ਇੰਡੀਅਨ ਸਟੈਂਡਰਡ ਵੱਲੋਂ ਕਾਲਜ ਵਿੱਚ ਸਟੈਂਡਰਡ ਕਲੱਬ ਸਥਾਪਿਤ ਕੀਤਾ ਗਿ ਕਾਲਜ ਦੇ ਫਿਜ਼ਿਕਸ ਵਿਭਾਗ ਮੁਖੀ ਪ੍ਰੋ. ਜਗਸੀਰ ਸਿੰਘ ਨੂੰ ਇਸ ਕਲੱਬ ਦਾ ਮੈਂਟਰ ਲਗਾਇਆ ਗਿਆ। ਕਾਲਜ ਵਿੱਚ 27-03-2023 ਨੂੰ ਕਲੱਬ ਮੈਂਟਰ ਦੀ ਅਗਵਾਈ ਵਿੱਚ ਸਾਇੰਸ ਵਿਦਿਆਰਥੀਆਂ ਦਾ ਸਟੈਂਡਰਡ ਰਾਈਟਿੰਗ ਕੰਪੀਟੀਸ਼ਨ ਕਰਵਾ ਗਿਆ। ਬਿਊਰੋ ਆਫ ਇੰਡੀਅਨ ਸਟੈਂਡਰਡ ਚੰਡੀਗੜ੍ਹ ਖੇਤਰ ਦੇ ਅਧਿਕਾਰੀਆਂ ਵੱਲੋਂ ਵਿਦਿਆਰਥੀਆਂ ਨੂੰ ਮਾਨਕ ਬਾਰੇ ਜਾਣਕਾਰੀ ਗਈ।

## HEIS – SELF FINANCING COURSES

ਸੈਸ਼ਨ 2022-23 ਦੌਰਾਨ Sefl-Financing ਵੱਖ-ਵੱਖ ਕੋਰਸਾਂ ਜਿਵੇਂ ਕਿ BCA, BBA, PGDCA, Diploma in F Production, Certificate Course in Bakery and Cookery ਵਿੱਚ 299 ਵਿਦਿਆਰਥੀਆਂ ਨੇ ਦਾਖਲਾ ਲਿਆ। 17-02-2023 ਨੂੰ Gurnam IT Industry ਵਲੋਂ ਕਾਲਜ ਦੇ Career Guidance and Placement Cell ਦੇ ਸਹਿਯੋਗ ਨਾਲ Placement Drive ਕਰਵਾਈ ਗਈ। ਇਸ Drive ਵਿੱਚ ਵਿਦਿਆਰਥੀਆਂ ਦਾ ਮੌਕੇ ਉੱਤੇ ਇੱਕ ਟੈਸਟ ਲੈਣ ਉਪਰੰਤ Interview ਗਿਆ। ਜਿਸ ਵਿੱਚ HEIS ਵਿਭਾਗ ਦੇ PGDCA ਦੇ 4 ਵਿਦਿਆਰਥੀ ਅਤੇ BCA Part-3 ਦੇ 4 ਵਿਦਿਆਰਥੀਆਂ ਨੇ Job ਦਾ ਟੈਸਟ ਕੀਤਾ। ਮਿਤੀ 24-02-2023 ਨੂੰ BBA, BCA ਅਤੇ PGDCA ਦੇ ਵਿਦਿਆਰਥੀਆਂ ਲਈ Career Guidance and Counse ਸਬੰਧੀ ਇੱਕ ਵਿਸ਼ੇਸ਼ ਸੈਮੀਨਾਰ ਪ੍ਰੋ: ਕੁਲਦੀਪ ਕੁਮਾਰ ਜੀ ਦੁਆਰਾ ਦਿੱਤਾ ਗਿਆ। ਇਸ ਵਿੱਚ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਲਿਆ। ਮਿਤੀ 25-02-2023 ਨੂੰ Hospitality ਵਿਭਾਗ ਦੇ Diploma in Food Production ਅਤੇ Certificate Cours Bakery and Cookery ਦੇ ਵਿਦਿਆਰਥੀਆਂ ਨੇ ਕਾਲਜ ਵਲੋਂ Khao Gali (A Street Food Festival) ਦੇ Theme ਅਨੁ ਅਲਗ-ਅਲਗ ਪਕਵਾਨਾਂ ਦੀ ਸਟਾਲਾਂ ਲਾ ਕੇ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਸੈਸ਼ਨ 2022-23 ਦੌਰਾਨ ਡਾਇਰੈਕਟਰ ਉੱ ਸਿੱਖਿਆ ਵਿਭਾਗ ਪੰਜਾਬ ਵਲੋਂ Career Counseling in Government Colleges fo Punjab ਸਕੀਮ ਦੇ ਅਧੀਨ ਵਿਦਿਆਰਥ ਦੇ ਉਜਵਲ ਭਵਿੱਖ ਲਈ ਕਾਲਜ ਵਿਖੇ Trained Instructor ਦੁਆਰਾ ਕਾਲਜ ਦੇ ਵਿਦਿਆਰਥੀਆਂ ਦੀ Skill Development ਮਿਤੀ 01-03-2023 ਤੋਂ 14-03-2023 ਤੱਕ ਇੱਕ ਦੱਸ ਰੋਜ਼ਾ (10 Days) ਵਰਕਸ਼ਾਪ ਲਗਾਈ ਗਈ। ਜਿਸ ਵਿੱਚ HEIS ਵਿਭਾ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਮਿਤੀ 04-03-2023 ਨੂੰ ਕਾਲਜ ਦੇ Annual Athletic Meet ਦੌਰਾਨ Hospita Diploma in Food Production ਦੇ ਵਿਦਿਆਰਥੀਆਂ ਵਲੋਂ ਇੱਕ ਸਟਾਲ ਲਗਾਈ ਗਈ ਜਿਸ ਵਿੱਚ ਵਿਦਿਆਰਥੀਆਂ ਵਲੋਂ ਪਕੌੜਾ, ਸੂਪ ਅਤੇ ਕੜੀ ਚਾਵਲ ਦੀ ਸਟਾਲ ਲਗਾਈ ਗਈ। ਇਸ ਦੀ ਸ਼ਲਾਘਾ Annual Athletic Meet ਦੇ ਮੁੱਖ ਮਹਿਮਾਨ ਜਸ ਸਿੰਘ ਜੱਸੀ ਸੇਖੋਂ, ਆਮ ਆਦਮੀ ਪਾਰਟੀ ਅਤੇ ਕਾਲਜ ਦੇ ਪ੍ਰਿੰਸੀਪਲ ਪ੍ਰੋ : ਸੁਖਬੀਰ ਸਿੰਘ, ਕਾਲਜ ਦੇ ਸਮੂਹ ਸਟਾਫ ਅਤੇ ਵਿਦਿਆਰਥ ਵਲੋਂ ਕੀਤੀ। ਮਿਤੀ 03।04।2023 ਨੂੰ BBA, BCA ਅਤੇ PGDCA ਦੇ ਵਿਦਿਆਰਥੀਆਂ ਲਈ Being Digitalize, Sangru Rishika Garg ਦੁਆਰਾ Digital Marketing ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਵਿਦਿਆਰਥੀ Digital Marketing ਬਾਰੇ ਜਾਗਰੂਕ ਕੀਤਾ ਗਿਆ।

# ਵਿਭਾਗੀ ਗਤੀਵਿਧੀਆਂ

## ਪੋਸਟ ਗ੍ਰੈਜੂਏਟ ਅੰਗਰੇਜੀ ਵਿਭਾਗ:

ਵਿਭਾਗ ਮੁੱਖੀ ਡਾ. ਮੋਨਿਕਾ ਸੇਠੀ ਦੀ ਅਗਵਾਈ ਵਿੱਚ ਮਿਤੀ 28-02-2023 ਨੂੰ Literacy Society of Department of English ਵੱਲੋਂ ਇੱਕ ਰੋਜ਼ਾ Seminar ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ Dr. Shivani, HOD English, Distance Education Punjabi University, Patiala ਨੇ "Violence as a Theme in 20th Century Literature" ਤੇ ਆਪਣੇ ਵਿਚਾਰ ਪੇਸ਼ ਕੀਤੇ। ਸੈਮੀਨਾਰ ਦੇ ਦੌਰਾਨ Prof. Nirmal, GRC, Sangrur ਨੇ ਵੀ John Keats ਤੇ ਪੇਪਰ ਪੜਿਆ। Prof. Amolakjeet Singh, GRC, Sangrur ਨੇ ਵੀ Violence in Literature ਤੇ ਅਪਣੇ ਵਿਚਾਰ ਰੱਖੇ। Prof. Kamlesh ਨੇ American Litrature ਤੇ PPT ਤਿਆਰ ਕਰਕੇ ਵਿਦਿਆਥੀਆਂ ਨਾਲ Share ਕੀਤੀ।

## ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ:

ਡਾ. ਸੁਖਵਿੰਦਰ ਸਿੰਘ ਪਰਮਾਰ ਨੇ ਡਾ. ਮੇਵਾ ਰਾਮ ਦੀ 28 ਫਰਵਰੀ 2023 ਨੂੰ ਸੇਵਾ ਮੁਕਤੀ ਤੋਂ ਬਾਅਦ 1 ਮਾਰਚ 2023 ਨੂੰ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਜਿੰਮੇਵਾਰੀ ਸੰਭਾਲੀ ਹੈ। ਵਿਦਿਅਕ ਅਤੇ ਸਹਿ-ਵਿਦਿਅਕ ਸਰਗਰਮੀਆਂ ਵਿੱਚ ਮੋਹਰੀ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਨੇ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਨਾਏ 'ਪੰਜਾਬੀ ਮਾਹ' ਦੌਰਾਨ 2 ਨਵੰਬਰ 2022 ਨੂੰ ਪੰਜਾਬੀ ਸਾਹਿਤ ਦੇ ਪ੍ਰਸਿੱਧ ਗਲਪਕਾਰ ਤੇ ਚਿੰਤਕ 'ਬਲਦੇਵ ਸਿੰਘ ਸੜਕਨਾਮਾ' ਨਾਲ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਸਹਿਯੋਗ ਸਦਕਾ, ਜ਼ਿਲ੍ਹਾ ਭਾਸ਼ਾ ਦਫ਼ਤਰ, ਸੰਗਰੂਰ ਦੀ ਅਗਵਾਈ ਵਿੱਚ ਵਿਦਿਆਰਥੀਆਂ ਸੰਗ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕਾ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਨੇ ਸ਼ਿਰਕਤ ਕੀਤੀ ਅਤੇ ਡਾ. ਵੀਰਪਾਲ ਕੌਰ, ਸੰਯੁਕਤ ਡਾਇਰੈਕਟਰ ਭਾਸ਼ਾ ਵਿਭਾਗ, ਡਾ. ਰਣਜੋਧ ਸਿੰਘ ਜ਼ਿਲ੍ਹਾ ਭਾਸ਼ਾ ਅਫ਼ਸਰ, ਸੰਗਰੂਰ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜ਼ਰੀ ਭਰੀ। ਇਸ ਮੌਕੇ ਪ੍ਰਸਿੱਧ ਵਿਦਵਾਨ ਡਾ. ਤੇਜਵੰਤ ਮਾਨ, ਡਾ. ਭਗਵੰਤ ਸਿੰਘ, ਡਾ. ਸਤਨਾਮ ਸਿੰਘ, ਸ. ਹਾਕਮ ਸਿੰਘ ਆਦਿ ਵੀ ਹਾਜ਼ਰ ਰਹੇ। 21 ਫਰਵਰੀ 2023 ਨੂੰ 'ਅੰਤਰ ਰਾਸ਼ਟਰੀ ਮਾਂ ਬੋਲੀ ਦਿਵਸ' ਮੌਕੇ ਪ੍ਰਸਿੱਧ ਵਿਦਵਾਨ ਅਤੇ ਕਵੀ ਡਾ. ਰਤਨ ਸਿੰਘ ਢਿੱਲੋਂ, ਐਸ.ਡੀ ਕਾਲਜ ਲਾਹੌਰ, ਅੰਬਾਲਾ ਨੇ ਸੈਮੀਨਾਰ ਰੂਪ ਵਿਦਿਆਰਥੀਆਂ ਨੂੰ ਮਾਂ ਬੋਲੀ ਪ੍ਰਤੀ ਚੇਤੰਨ ਕੀਤਾ। ਅੰਤਰਰਾਸ਼ਟਰੀ ਪੰਜਾਬੀ ਭਾਸ਼ਾ ਪਾਸਾਰ ਭਾਈਚਾਰਾ ਕੈਨੇਡਾ ਵੱਲੋਂ 'ਪੰਜਾਬੀ ਭਾਸ਼ਾ ਦੇ ਦਰਪੇਸ਼ ਸਮੱਸਿਆਵਾਂ ਅਤੇ ਹੱਲ' ਵਿਸ਼ੇ ਤੇ ਕਰਵਾਈ ਅੰਤਰਰਾਸ਼ਟਰੀ ਵਿਚਾਰ ਗੋਸ਼ਟੀ ਮੌਕੇ ਵਿਭਾਗ ਦੇ ਵੱਖ-ਵੱਖ ਖੇਤਰਾਂ ਵਿੱਚ ਮੁਕਾਮ ਪ੍ਰਾਪਤ 5 ਵਿਦਿਆਰਥੀਆਂ- ਰਵਿੰਦਰ ਕੌਰ ਗੋਲਡੀ, ਸੰਤਗੁਰ ਸਿੰਘ, ਰਜਨੀ, ਕੁਲਦੀਪ ਸਿੰਘ ਪੰਧੇਰ, ਹਰਪ੍ਰੀਤ ਕੌਰ ਨੂੰ ਵਿਭਾਗ ਦੀ ਹਾਜ਼ਰੀ ਵਿੱਚ ਸਨਮਾਨਿਤ ਕੀਤਾ ਗਿਆ। ਵਿਭਾਗ ਵਿਖੇ ਪ੍ਰੋ. ਹਜ਼ੂਰਾ ਸਿੰਘ, ਡਾ. ਮੇਵਾ ਰਾਮ, ਪੁਨਰ ਨਿਯੁਕਤੀ ਉਪਰੰਤ ਸ਼ਾਨਦਾਰ ਸੇਵਾਵਾ ਨਿਭਾ ਰਹੇ ਹਨ। ਮਿਤੀ 1 ਅਪ੍ਰੈਲ 2023 ਨੂੰ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੈਨੇਡਾ ਵਸਦੀ ਪ੍ਰਵਾਸੀ ਸਾਹਿਤਕਾਰਾ ਡਾ. ਬਲਵਿੰਦਰ ਕੌਰ ਬਰਾੜ ਦਾ ਰੂਬਰੂ ਪ੍ਰੋਗਰਾਮ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਕਰਵਾਇਆ ਗਿਆ। ਮੈਡਮ ਬਰਾੜ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ, 'ਰਹੋ ਭਾਵੇਂ ਜਿਥੇ ਮਰਜੀ ਪਰ ਮੋਹ ਦੀਆਂ ਤੰਦਾ ਨਹੀਂ ਟੁਟਣੀਆਂ ਚਾਹੀਦੀਆਂ', ਅਜੋਕੇ ਸਮੇਂ ਵਿੱਚ ਪੰਜਾਬ ਤੇ ਪੰਜਾਬੀ ਦੀ ਸਥਿਤੀ ਬਾਰੇ ਵੀ ਵਿਚਾਰਾਂ ਹੋਈਆਂ। ਮਿਤੀ 25-4-2023 ਨੂੰ ਲੋਕ ਕਵੀ ਸੰਤ ਰਾਮ ਉਦਾਸੀ ਦੀ ਜਨਮ ਵਰ੍ਹੇਗੰਢ ਨੂੰ ਸਮਰਪਿਤ ਅੰਤਰ ਕਾਲਜ ਕਾਵਿ-ਉਚਾਰਨ ਅਤੇ ਗੀਤ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸੰਗਰੂਰ ਜ਼ਿਲ੍ਹੇ ਦੇ ਇੱਕ ਦਰਜਨ ਤੋਂ ਵੱਧ ਕਾਲਜਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਪਹਿਲਾ, ਦੂਜਾ, ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ ਅਤੇ ਤੋਹਫੇ ਦਿੱਤੇ ਗਏ, ਭਾਗੀਦਾਰ ਵਿਦਿਆਰਥੀਆਂ ਨੂੰ ਵੀ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਉਦਾਸੀ ਜੀ ਦੀ ਧੀ ਪ੍ਰਿੰਸੀਪਲ ਇਕਬਾਲ ਕੌਰ ਉਦਾਸੀ ਨੇ ਜੇਤੂਆਂ ਦੀ ਹੌਸਲਾ ਅਫ਼ਜਾਈ ਕੀਤੀ। ਵਿਸ਼ੇਸ਼ ਮਹਿਮਾਲ ਵਜੋਂ ਡਾ. ਇਕਬਾਲ ਸਿੰਘ (ਸਾਬਕਾ ਡਿਪਟੀ ਡੀ.ਈ.ਓ.), ਡਾ. ਕਮਲਜੀਤ ਸਿੰਘ ਟਿੱਬਾ (ਸਾਬਕਾ ਪ੍ਰਿੰਸੀਪਲ), ਪ੍ਰੋ. ਸਤਗੁਰ ਸਿੰਘ ਹਾਜ਼ਰ ਰਹੇ। ਪੰਜਾਬ ਸਰਕਾਰ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਪ੍ਰਮੁਖਤਾ ਦੇਣ ਅਤੇ ਮਾਂ ਬੋਲੀ ਪ੍ਰਤੀ ਚੇਤਨਾ ਪੈਦਾ ਕਰਨ ਲਈ ਪ੍ਰਸਿੱਧ ਪੰਜਾਬੀ ਕਵੀਆਂ ਦੀਆਂ ਮਾਂ ਬੋਲੀ ਪੰਜਾਬੀ ਨਾਲ ਸੰਬੰਧਤ ਕਵਿਤਾਵਾਂ ਦੇ ਫਲੈਕਸ ਬੋਰਡ ਅਤੇ ਤਸਵੀਰਾਂ ਵਿਭਾਗ ਵਿਖੇ ਸਥਾਪਿਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪ੍ਰਸਿੱਧ ਪੰਜਾਬੀ ਚਿੰਤਕਾਂ ਦੇ ਵਿਚਾਰ ਵੀ ਫਲੈਕਸ ਬੋਰਡਾਂ ਰਾਹੀ ਵਿਦਿਆਰਥੀਆਂ ਦੇ ਸਨਮੁਖ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਵਿਭਾਗ ਦੇ ਸਮੁੱਚੇ ਅਧਿਆਪਕ ਸਾਹਿਤਕ ਗਤੀਵਿਧੀਆਂ ਪ੍ਰਤੀ ਸਿੱਦਤ ਲਈ ਵਧਾਈ ਦੇ ਪਾਤਰ ਹਨ।

## ਪੋਸਟ ਗ੍ਰੈਜੂਏਟ ਰਾਜਨੀਤੀ ਸਾਸ਼ਤਰ ਵਿਭਾਗ:

ਵਿਭਾਗ ਮੁਖੀ ਪ੍ਰੋ. ਮਿਨਾਕਸ਼ੀ ਮੜਕਣ ਦੀ ਅਗਵਾਈ ਵਿੱਚ ਰਾਜਨੀਤੀ ਸਾਸ਼ਤਰ ਦੇ ਪੋਸਟ ਗ੍ਰੈਜੂਏਟ ਵਿਭਾਗ ਨੇ 26-1 ਡੀ.ਪੀ.ਆਈ (ਕਾ.) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਾਲਜ ਵਿੱਚ 'ਸੰਵਿਧਾਨ ਦਿਵਸ' ਮਨਾਇਆ। ਇਸ ਸਮਾਰੋਹ ਵਿੱਚ ਪੋਸ ਵਿਭਾਗ ਦੇ ਵਿਦਿਆਰਥੀ, ਪ੍ਰੋਫੈਸਰ ਸਾਹਿਬਾਨ, ਹੋਰ ਸਟਾਫ਼ ਮੈਂਬਰ ਅਤੇ ਐਨ.ਐਸ.ਐਸ. ਦੇ ਵਿਦਿਆਰਥੀ ਸ਼ਾਮਿਲ ਹੋਏ। ਸੰਵਿਧਾਨ ਪ੍ਰਸਤਾਵਨਾ ਦੀ ਸਹੁੰ ਗ੍ਰਹਿਣ ਕੀਤੀ ਗਈ। ਵਿਭਾਗ ਦੇ ਮੁਖੀ ਪ੍ਰੋ. ਮੀਨਾਕਸ਼ੀ ਮੜਕਣ ਨੇ ਵਿਦਿਆਰਥੀਆਂ ਨੂੰ ਪ੍ਰਸਤਾਵਨਾ ਬਾਰੇ ਸੰਪੂਰਨ ਜਾਣਕਾਰੀ ਦਿੱਤੀ। 25-1-23 ਨੂੰ ਰਾਸ਼ਟਰੀ ਵੋਟਰ ਦਿਵਸ ਨੂੰ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਨਾਉਣ ਲਈ ਸ਼ਾਸ਼ਤਰ ਵਿਭਾਗ ਦੇ ਵਿਦਿਆਰਥੀਆਂ ਅਤੇ ਪ੍ਰੋਫੈਸਰ ਸਾਹਿਬਾਨ ਨੇ ਸਹਿਯੋਗ ਕੀਤਾ। ਇਸ ਮੌਕੇ ਵਿਭਾਗ ਮੁੱਖੀ ਨੇ ਵੋਟ ਪਾਉਣ ਕਰਤਵ ਵਜੋਂ ਨਿਭਾਉਣ ਦੀ ਪ੍ਰੇਰਨਾ ਦਿੱਤੀ। ਮਿਤੀ 1 ਮਾਰਚ ਤੋਂ 14 ਮਾਰਚ 2023 ਨੂੰ ਕਾਲਜ ਕੈਰੀਅਰ ਗਾਈਡੈਂਸ ਸੈਂ ਆਯੋਜਿਤ 10 ਦਿਨ ਦੀ ਹੁਨਰ ਵਿਕਾਸ ਵਰਕਸ਼ਾਪ ਵਿਚ ਐਮ.ਏ.-2 ਦੇ 11 ਵਿਦਿਆਰਥੀਆਂ ਅਤੇ ਐਮ-ਏ.-1 ਦੇ 3 ਵਿਦਿਆ ਨੇ ਸਾਫ਼ਟ ਸਕਿਲ, Computer, Digital Marketing ਵਿੱਚ ਮਾਹਿਰਾਂ ਤੋਂ Training ਹਾਸਿਲ ਕੀਤੀ। ਪ੍ਰਿੰਸੀਪਲ ਸੁਖਬੀਰ ਪ੍ਰੇਰਣਾ ਅਤੇ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਦੇ ਯਤਨਾ ਸਦਕਾ ਮਿਤੀ 22 -3-23 ਨੂੰ ਰਾਜਨੀਤੀ ਸ਼ਾਸਤਰ ਵਿਭ ਵਿਦਿਆਰਥੀ ਪ੍ਰੋ. ਰਵਿੰਦਰਪਾਲ ਸਿੰਘ ਭੰਗੂ, ਪ੍ਰੋ. ਗੁਲਸ਼ਨਦੀਪ ਅਤੇ ਪ੍ਰੋ. ਰਮਨਦੀਪ ਕੌਰ, ਨਾਲ ਚੰਡੀਗੜ੍ਹ ਵਿੱਚ ਪੰਜਾਬ ਦੀ ਵਿ ਦੀ ਕਾਰਜਪ੍ਰਣਾਲੀ ਨੂੰ ਵੇਖਣ ਗਏ, ਜਿਸ ਨਾਲ ਉਹਨਾਂ ਦੇ ਗਿਆਨ ਵਿੱਚ ਵਾਧਾ ਹੋਇਆ।

## ਕਮਿਸਟਰੀ ਵਿਭਾਗ:

ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਵੱਲੋਂ 15 ਅਕਤੂਬਰ 2022 ਨੂੰ ਅੰਤਰ ਕਾਲਜ ਮੁਕਾਬਲਾ ਕਰਵਾਇਆ ਗਿ ਵਿੱਚ ਕਮਿਸਟਰੀ ਵਿਭਾਗ B.Sc-II,III ਦੇ ਵਿਦਿਆਰਥੀਆਂ ਨੇ ਵਰਕਿੰਗ ਅਤੇ ਸਟੈਟਿਕ ਮਾਡਲ ਵਿੱਚ ਪਹਿਲੀ ਅਤੇ ਦੂਜੀ ਪੁਜ਼ੀ ਕੀਤੀ ਅਤੇ ਪੋਸਟਰ ਮੇਕਿੰਗ ਵਿੱਚ ਦੂਜਾ ਸਥਾਨ ਹਾਸਿਲ ਕੀਤਾ। ਧਾਰਮਿਕ ਅਤੇ ਨੈਤਿਕ ਕਦਰਾਂ ਕੀਮਤਾਂ ਪੈਦਾ ਕਰਨ ਲਈ ਪ੍ਰੋ. ਸੁਧਾ ਰਾਣੀ ਸ਼ਰਮਾ ਦੀ ਅਗਵਾਈ ਵਿੱਚ B.Sc ਦੇ ਵਿਦਿਆਰਥੀਆਂ ਨੂੰ ਦੁੱਖ ਨਿਵਾਰਨ ਗੁਰਦੁਆਰਾ ਸਾਹਿਬ ਲੈ ਕੇ ਜਾਇ ਮਿਤੀ 25-03-2023 ਨੂੰ ਸਮੁੱਚੇ ਸਾਇੰਸ ਵਿਭਾਗਾਂ ਵੱਲੋਂ ਕਰਵਾਏ ਇੰਟਰ ਕਾਲਜ ਕਮਿਸਟਰੀ ਫੈਸਟੀਵਲ ਵਿੱਚ ਵੱਖ-ਵੱਖ ਹਿੱਸਾ ਲਿਆ। ਇਸ ਫੈਸਟੀਵਲ ਵਿੱਚ ਵੱਖ-ਵੱਖ ਮੁਕਾਬਲੇ ਸਟੈਟਿਕ ਮਾਡਲ, ਵਰਕਿੰਗ ਮਾਡਲ, ਪੋਸਟਰ ਮੇਕਿੰਗ, ਰੰਗੋਲੀ ਸ਼ਾਰਟ ਵੀਡੀਓ ਅਤੇ ਸਾਇੰਸ ਕੁਇਜ਼ ਕਰਵਾਏ ਗਏ। ਸਰਕਾਰੀ ਰਣਬੀਰ ਕਾਲਜ ਦੇ ਵਿਦਿਆਰਥੀਆਂ ਨੇ ਵਰਕਿੰਗ ਮਾਡਲ ਤੀਜੀ, ਰੰਗੋਲੀ ਵਿੱਚ ਪਹਿਲੀ, ਸ਼ਾਰਟ ਵੀਡੀਓ ਵਿੱਚ ਪਹਿਲੀ ਤੇ ਦੂਜੀ, ਕਾਵਿ ਉਚਾਰਨ ਵਿੱਚ ਤੀਜੀ ਪੁਜ਼ੀਸ਼ਨ ਹਾਸਲ ਕੀਤੀ।

## ਇਕਨਾਮਿਕਸ ਵਿਭਾਗ:

ਉਚੇਰੀ ਸਿੱਖਿਆ ਵਿਭਾਗ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ, ਕ੍ਰਿਸ਼ਨਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਮਿਤੀ 5.4 ਪ੍ਰਿੰਸੀਪਲ ਪ੍ਰੋ. ਸੁਖਬੀਰ ਸਿੰਘ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਇਕਨਾਮਿਕਸ ਵਿਭਾਗ ਵੱਲੋਂ Global Money We ਇੱਕ ਵੈਬੀਨਾਰ ਵਿਭਾਗ ਮੁੱਖੀ ਡਾ. ਰੇਨੂਕਾ ਬਜਾਜ ਦੀ ਅਗਵਾਈ ਵਿੱਚ ਕਰਵਾਇਆ ਗਿਆ। ਇਸ ਵੈਬੀਨਾਰ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਵੈਬੀਨਾਰ ਦਾ Motto: "Plan Your Money, Plant Your Future" ਸੀ। ਦਾ ਉਦੇਸ਼ ਨੌਜਵਾਨਾਂ ਨੂੰ High Quality Financial Education ਦੇਣਾ ਸੀ ਤਾਂ ਜੋ ਉਹ ਰੁਪਏ ਦੇ ਲੈਣ-ਦੇਣ ਸੰਬੰਧੀ ਯੋਗ ਅ ਲੈ ਕੇ ਵਧੀਆ ਭਵਿੱਖ ਸਿਰਜ ਸਕਣ। ਪ੍ਰਿੰਸੀਪਲ ਸਾਹਿਬ ਨੇ ਆਪਣੇ ਜੀਵਨ ਦੇ ਤਜਰਬੇ ਵਿੱਚੋਂ ਉਦਾਹਰਨਾਂ ਦੇ ਕੇ ਰੁਪਏ ਬੱਚਤ ਕਰਨ ਸੰਬੰਧੀ ਵੱਡਮੁੱਲੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ।

## ਹੋਮ ਸਾਇੰਸ ਵਿਭਾਗ:

ਸਾਲ 2022-23 ਦੌਰਾਨ ਵੀ ਹੋਮ ਸਾਇੰਸ ਵਿਭਾਗ ਪ੍ਰਿੰਸੀਪਲ ਸ. ਸੁਖਬੀਰ ਸਿੰਘ ਜੀ ਦੀ ਅਗਵਾਈ ਹੇਠ ਮੁਖੀ ਕੌਰ ਦੀ ਦੇਖ-ਰੇਖ ਵਿੱਚ ਗਤੀਵਿਧੀਆਂ ਕਰਵਾਉਣ ਵਿੱਚ ਪੂਰੀ ਤਰ੍ਹਾਂ ਸਰਗਰਮ ਰਿਹਾ। 16-4-22 ਨੂੰ "Stress Awarene ਦੇ ਤਹਿਤ ਤਨਾਅ ਨੂੰ ਘਟਾਉਣ ਲਈ ਵਿਦਿਆਰਥੀਆਂ ਨੂੰ MIND GAMES ਦੱਸੀਆਂ ਗਈਆਂ, ਜਿਸ ਤਹਿਤ ਆਪਣੇ ਆ ਕਰਨਾ, ਜਿੰਦਗੀ ਦਾ ਆਨੰਦ ਲੈਣਾ ਅਤੇ ਮੈਡੀਟੇਸ਼ਨ ਕਰਨ ਬਾਰੇ ਦੱਸਿਆ ਗਿਆ 1 ਮਿਤੀ 24-09-22 ਨੂੰ ਨੈਸ਼ਨਲ ਨਿਓ

ਤਹਿਤ Celebrate a world of Flowers" ਵਿਸ਼ੇ ਤੇ ਲੈਕਚਰ ਦਿੱਤਾ ਗਿਆ। ਵਿਦਿਆਰਥੀਆਂ ਵਲੋਂ "No cook healthy Recipes" ਬਣਾ ਕੇ ਉਹਨਾਂ ਨੂੰ ਪ੍ਰਦਰਸ਼ਿਤ ਵੀ ਕੀਤਾ ਗਿਆ। ਮਿਤੀ 25-2-23 ਨੂੰ ਹੋਮ ਸਾਇੰਸ ਵਿਭਾਗ ਵਲੋਂ 'ਖਾਓ ਗਲੀ' ਦੇ ਤਹਿਤ ਵੱਖ-ਵੱਖ ਸਟਾਲਾਂ ਜਿਵੇਂ ਕਿ ਦਹੀ ਭੱਲੇ, ਪਨੀਰ ਟਿੱਕਾ, ਪਾਓ ਭਾਜੀ, ਮੋਕਟੇਲ ਆਦਿ ਲਗਾਈਆ ਗਈਆਂ। ਜਿਸ ਵਿੱਚ ਵਿਦਿਆਰਥੀਆਂ ਵੱਲੋਂ ਬਹੁਤ ਹੀ ਵਾਜਿਬ ਰੇਟ ਤੇ ਇਹ ਚੀਜਾਂ ਵੇਚੀਆਂ ਗਈਆਂ। ਇਹ ਬਹੁਤ ਹੀ ਸਲਾਘਾਯੋਗ ਕਦਮ ਸੀ ਅਤੇ ਭਵਿੱਖ ਵਿੱਚ ਵਿਭਾਗ ਅਜਿਹੇ ਪ੍ਰੋਗਰਾਮ ਕਰਵਾਉਣ ਲਈ ਆਸਵੰਦ ਹੈ।

**ਬਨਸਪਤੀ ਵਿਭਾਗ :**

ਮਿਤੀ 22 ਅਪ੍ਰੈਲ 2022 ਨੂੰ ਬਾਟਨੀ ਵਿਭਾਗ ਵੱਲੋਂ ਮੁਖੀ ਪ੍ਰੋ. ਨਿਤੀਸ਼ ਕੁਮਾਰ ਦੀ ਅਗਵਾਈ ਵਿੱਚ ਵਿਦਿਆਰਥੀਆਂ ਵਿੱਚ ਜਾਗਰੂਕਤਾ ਪਹੁੰਚਾਣ ਦੇ ਮੰਤਵ ਨਾਲ "Earth Day" ਮਨਾਇਆ ਗਿਆ। ਇਸ ਮੌਕੇ B.Sc ਮੈਡੀਕਲ ਦੇ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਭਾਗ ਲਿਆ। ਮਿਤੀ 24 ਅਪ੍ਰੈਲ 2022 ਨੂੰ ਬਨਸਪਤੀ ਬਾਗ ਵਿਖੇ ਵਿਦਿਆਰਥੀਆਂ ਵੱਲੋਂ "Tree Plantation Drive" ਚਲਾਈ ਗਈ।

**ਜ਼ੁਆਲੋਜੀ ਵਿਭਾਗ :**

ਮਿਤੀ 30-03-2022 ਨੂੰ ਜ਼ੁਆਲੋਜੀ ਵਿਭਾਗ ਵੱਲੋਂ ਪ੍ਰੋ. ਸਿਮਰਨਜੀਤ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੂੰ ਸਫ਼ਾਈ ਪ੍ਰਤੀ ਪ੍ਰੇਰਿਤ ( Cleaning Awareness) ਕੀਤਾ ਗਿਆ। ਮਿਤੀ 22-04-2022 ਨੂੰ ਜ਼ੁਆਲੋਜੀ ਵਿਭਾਗ ਵੱਲੋਂ Earth Day ਮਨਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਦੇ ਸੈਮੀਨਾਰ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਮਿਤੀ 10-11-2022 ਨੂੰ ਜ਼ੁਆਲੋਜੀ ਵਿਭਾਗ ਵੱਲੋਂ National Awareness Cancer Day ਮਨਾਇਆ ਗਿਆ।

**ਸਮਾਜ ਵਿਗਿਆਨ ਵਿਭਾਗ :**

ਮਿਤੀ 29-04-2022 ਨੂੰ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵਿਖੇ ਪ੍ਰਿੰਸੀਪਲ ਪ੍ਰੋ. ਸੁਖਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਭਾਗ ਮੁਖੀ ਪ੍ਰੋ. ਜਗਦੀਪ ਸਿੰਘ ਦੀ ਅਗਵਾਈ ਵਿੱਚ ਕਾਲਜ ਦੇ ਸਮਾਜ ਵਿਗਿਆਨ ਵਿਭਾਗ ਵੱਲੋਂ, ਡਾ. ਭੀਮ ਰਾਓ ਅੰਬੇਦਕਰ ਜੀ ਦੇ 131ਵੇਂ ਜਨਮ ਦਿਵਸ ਨੂੰ ਸਮਰਪਿਤ ਇੱਕ 'ਐਕਸਟੈਂਸ਼ਨ ਲੈਕਚਰ' ਅਤੇ ਵਿਦਿਆਰਥੀ ਅਧਿਆਪਕ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੇ ਪਹਿਲੇ ਸੈਸ਼ਨ ਵਿੱਚ ਡਾ. ਵਿਨੋਦ ਆਰੀਆ (ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ) ਨੇ 'ਆਓ! ਡਾ. ਬੀ.ਆਰ. ਅੰਬੇਦਕਰ ਜੀ ਨੂੰ ਇੱਕ ਰਾਸ਼ਟਰ ਨਿਰਮਾਤਾ ਵਜੋਂ ਜਾਣੀਏ' ਵਿਸ਼ੇ ਉੱਪਰ ਵਿਦਿਆਰਥੀਆਂ ਨੂੰ ਭਾਸ਼ਣ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਬਾਬਾ ਸਾਹਿਬ ਦੁਆਰਾ ਵੱਖ-ਵੱਖ ਖੇਤਰਾਂ ਵਿੱਚ ਨਿਭਾਈ ਗਈ ਰਾਸ਼ਟਰ ਉਸਾਰੂ ਭੂਮਿਕਾ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਪ੍ਰੋਗਰਾਮ ਦੇ ਦੂਸਰੇ ਸੈਸ਼ਨ ਵਿੱਚ ਡਾ. ਅਦਿੱਤਿਆ ਰੰਜਨ ਕਪੂਰ (ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ) ਨੇ ਵਿਦਿਆਰਥੀਆਂ ਨੂੰ ਸਮਾਜ-ਵਿਗਿਆਨ ਵਿਸ਼ੇ ਵਿੱਚ ਉੱਚ=ਸਿੱਖਿਆ ਪ੍ਰਾਪਤ ਕਰਨ ਲਈ ਭਾਰਤ ਦੀਆਂ ਪ੍ਰਸਿੱਧ ਯੂਨੀਵਰਸਿਟੀਆਂ ਦੁਆਰਾ ਲਏ ਜਾਂਦੇ ਵੱਖ-ਵੱਖ ਦਾਖਲਾ ਟੈਸਟਾਂ ਤੋਂ ਵੀ ਜਾਣੂ ਕਰਵਾਇਆ। ਵਿਭਾਗ ਵੱਲੋਂ ਅੰਤਰਰਾਸ਼ਟਰੀ ਜਲ ਦਿਵਸ ਦੇ ਸਬੰਧ ਵਿੱਚ ਇੱਕ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਜਿਸ ਵਿੱਚ ਡਾ. ਗੌਤਮ ਸੂਦ (ਸਹਾਇਕ ਪ੍ਰੋਫੈਸਰ ਸਮਾਜ-ਵਿਗਿਆਨ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਵੱਲੋਂ ਮੁੱਖ ਵਕਤਾ ਵਜੋਂ ਸ਼ਮੂਲੀਅਤ ਕੀਤੀ ਗਈ। ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਪੰਜਾਬ ਦੇ ਧਰਤੀ ਹੇਠਲੇ ਪਾਣੀ ਨਾਲ ਜੁੜੇ ਸੰਕਟ ਦੇ ਮੌਜੂਦਾ ਹਾਲਾਤਾਂ ਤੋਂ ਵਿਸਥਾਰ ਵਿੱਚ ਜਾਣੂ ਕਰਵਾਇਆ ਗਿਆ।

**ਹਿੰਦੀ ਵਿਭਾਗ :**

ਹਿੰਦੀ ਵਿਭਾਗ ਵਲੋਂ ਹਿੰਦੀ ਭਾਸ਼ਾ ਨੂੰ ਸਮਰਪਿਤ ਦਿਨ-14 ਸਤੰਬਰ ਨੂੰ ਹਿੰਦੀ ਵਿਸ਼ੇ ਵਿੱਚ ਰੋਜ਼ਗਾਰ ਅਤੇ ਸੰਭਾਵਨਾਵਾਂ ਵਿਸ਼ੇ 'ਤੇ ਆਨਲਾਈਨ ਸੰਵਾਦ ਰਚਾ ਕੇ ਮਨਾਇਆ ਗਿਆ। ਹਿੰਦੀ ਵਿਸ਼ੇ ਦੇ ਵਿਦਿਆਰਥੀਆਂ ਦਾ ਇੱਕ ਰੋਜ਼ਾ ਟੂਰ ਲਵਲੀ ਪ੍ਰੋਫੈਸ਼ਨਲ, ਯੂਨੀਵਰਸਿਟੀ, ਜਲੰਧਰ ਵਿਖੇ ਲੈ ਜਾਇਆ ਗਿਆ।

# ਵਿਅਕਤੀਗਤੀ ਪ੍ਰਾਪਤੀਆਂ

## ਡਾ. ਮੋਨਿਕਾ ਸੇਠੀ (ਮੁਖੀ ਅੰਗਰੇਜ਼ੀ ਵਿਭਾਗ):

- UGC-Care list journal (PARKH) ਵਿੱਚ "Aesthetics and poetics of Shiv Kumar Batalvi's poetry ਤੇ paper publish ਹੋਇਆ।
- ਮਿਤੀ 6-8 ਅਪ੍ਰੈਲ 2022 Kurukshetra ਵਿਖੇ Punjabi Linguistics association and Punjab Arts Councils, Chandigarh All India Conference of linguistics on Folklore ਵਿੱਚ Impact of technological change on English language ਤੇ Paper present ਕੀਤਾ। Punjabi Univ. Patiala ਵਿਖੇ ਤਿੰਨ ਵਿਦਿਆਰਥੀਆਂ ਨੂੰ Ph.D ਕਰਨ ਵਾਸਤੇ Register ਕਰਵਾਇਆ।

## ਪ੍ਰੋ. ਨਿਰਮਲ (ਅੰਗਰੇਜ਼ੀ ਵਿਭਾਗ):

- ਮਿਤੀ 25-04-22 ਨੂੰ ਅੰਗਰੇਜ਼ੀ ਵਿਭਾਗ ਵੱਲੋਂ ਆਯੋਜਿਤ ਸੈਮੀਨਾਰ ਦੌਰਾਨ Why is william Shekspeare Considered as one of the greatest play wrights in History ਵਿਸ਼ੇ ਤੇ ਪਰਚਾ ਪੜ੍ਹਿਆ।
- ਮਿਤੀ 02-11-22 ਨੂੰ ਪੰਜਾਬੀ ਮਾਹ ਦੇ ਤਹਿਤ ਪ੍ਰਸਿੱਧ ਪੰਜਾਬੀ ਨਾਵਲਕਾਰ ਬਲਦੇਵ ਸਿੰਘ ਸੜਕਨਾਮਾਂ ਨਾਲ ਰੂਬਰੂ ਪ੍ਰੋਗਰਾਮ ਦੌਰਾਨ ਬਤੌਰ ਕਨਵੀਨਰ ਸਵਾਗਤੀ ਕਮੇਟੀ ਭੂਮਿਕਾ ਨਿਭਾਈ ਅਤੇ ਨਾਲ ਹੀ ਸੰਯੁਕਤ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਅਤੇ ਜ਼ਿਲ੍ਹਾ ਭਾਸ਼ਾ ਅਫਸਰ, ਸੰਗਰੂਰ ਤੋਂ ਵਿਸ਼ੇਸ਼ ਸਨਮਾਨ ਹਾਸਲ ਕੀਤਾ।
- ਮਿਤੀ 01-12-22 ਨੂੰ World Aids Day ਦਿਵਸ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਯੁਵਕ ਸੇਵਾਵਾਂ ਸਮਾਗਮ ਵਿੱਚ ਪੋਸਟਰ/ਸਲੋਗਨ ਪ੍ਰਤੀਯੋਗਿਤਾ ਦੇ ਜੱਜ ਵਜੋਂ ਭੂਮਿਕਾ ਨਿਭਾਈ।
- 10 ਦਸੰਬਰ 2022 ਨੂੰ 74ਵੇਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ Inter College Poster Making Competition ਦੇ ਜੱਜ ਦੀ ਭੂਮਿਕਾ ਨਿਭਾਈ ।
- ਐਨ.ਐਸ.ਐਸ. ਯੂਨਿਟ 1 ਅਤੇ 2 ਵੱਲੋਂ ਲਗਾਏ ਗਏ ਸੱਤ ਰੋਜ਼ਾ ਕੈਂਪ ਦੌਰਾਨ ਮਿਤੀ 07-02-2023 ਨੂੰ ਵਲੰਟੀਅਰਜ਼ ਨੂੰ ਕੈਂਸਰ ਪ੍ਰਤੀ ਸੁਚੇਤ ਰਹਿਣ ਬਾਰੇ ਵਿਚਾਰ ਸਾਂਝੇ ਕੀਤੇ ।
- ਮਿਤੀ 21-02-2023 ਨੂੰ ਜ਼ਿਲ੍ਹਾ ਭਾਸ਼ਾ ਦਫਤਰ ਸੰਗਰੂਰ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਸਮਾਗਮ ਵਿੱਚ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ ਅਤੇ ਸਨਮਾਨ ਹਾਸਲ ਕੀਤਾ ।
- ਐਨ.ਐਸ.ਐਸ. ਯੂਨਿਟ 3-4 ਵੱਲੋਂ ਆਯੋਜਿਤ ਸੱਤ ਰੋਜ਼ਾ ਕੈਂਪ ਦੌਰਾਨ ਮਿਤੀ 23-02-23 ਨੂੰ ਵਲੰਟੀਅਰਜ਼ ਨਾਲ ਆਪਣੇ ਆਪ ਤੇ ਹੰਢਾਏ ਕੈਂਸਰ ਦੇ ਅਨੁਭਵਾਂ ਨੂੰ ਸਾਂਝਾ ਕੀਤਾ ।
- ਮਿਤੀ 26-02-23 ਨੂੰ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਕੈਨੇਡਾ ਵੱਲੋਂ ਮਾਲਵਾ ਲਿਖਾਰੀ ਸਭਾ, ਸੰਗਰੂਰ ਦੇ ਸਹਿਯੋਗ ਨਾਲ ਕਰਵਾਏ ਅੰਤਰਰਾਸ਼ਟਰੀ ਸਮਾਗਮ ਦੌਰਾਨ ਕੈਂਸਰ ਜਿਹੀ ਭਿਆਨਕ ਬਿਮਾਰੀ ਤੇ ਜਿੱਤ ਪਾਉਣ ਲਈ ਵਿਸ਼ੇਸ਼ ਸਨਮਾਨ ਕੀਤਾ।
- ਮਿਤੀ 28-02-23 ਨੂੰ ਅੰਗਰੇਜ਼ੀ ਵਿਭਾਗ ਵੱਲੋਂ ਆਯੋਜਿਤ ਸੈਮੀਨਾਰ ਦੌਰਾਨ John Keats - An Introduction ਵਿਸ਼ੇ ਤੇ ਪਰਚਾ ਪੜ੍ਹਿਆ।
- ਮਿਤੀ 7-3-23 ਨੂੰ Equity Cell ਵੱਲੋਂ ਆਯੋਜਿਤ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਸਮਾਗਮ ਦੌਰਾਨ 'ਨਾਰੀ ਸ਼ਕਤੀ' 'ਤੇ ਪਰਚਾ ਪੜ੍ਹਿਆ।
- ਮਿਤੀ 10-3-23 ਨੂੰ ਨਹਿਰੂ ਯੁਵਾ ਕੇਂਦਰ ਵੱਲੋਂ ਆਯੋਜਿਤ ਜ਼ਿਲ੍ਹਾ ਪੱਧਰੀ ਯੁਵਾ ਉਤਸਵ ਦੌਰਾਨ ਕਵਿਤਾ ਲਿਖਣ ਦੇ ਮੁਕਾਬਲੇ ਦੇ ਜੱਜ ਦੀ ਭੂਮਿਕਾ ਨਿਭਾਈ।
- ਮਿਤੀ 11-3-23 ਨੂੰ ਗੁਰੂ ਨਾਨਕ ਕਾਲਜ, ਬੁਢਲਾਡਾ ਦੇ ਇਤਿਹਾਸ ਵਿਭਾਗ ਵੱਲੋਂ ਆਯੋਜਿਤ ਸੈਮੀਨਾਰ ਵਿੱਚ ਸਖ਼ਸ਼ੀਅਤ ਉਸਾਰੀ (Personality Development) ਵਿਸ਼ੇ ਤੇ ਪ੍ਰੇਰਣਾਦਾਇਕ ਲੈਕਚਰ ਦਿੱਤਾ ਅਤੇ ਕਾਲਜ ਵੱਲੋਂ ਪ੍ਰਸ਼ੰਸਾ ਪੱਤਰ ਹਾਸਲ ਕੀਤਾ।
- ਇੰਚਾਰਜ ਵਜੋਂ ਇੱਕ ਰੋਜ਼ਾ ਟੂਰ ਕਸੌਲੀ, ਚੰਡੀਗੜ੍ਹ ਲੈ ਜਾਇਆ ਗਿਆ।
- ਮਿਤੀ 31-3-23 ਨੂੰ Rang FM ਤੇ ਆਉਣ ਵਾਲੇ ਪ੍ਰੋਗਰਾਮ ਚਿੱਠੀ ਆਈ ਹੈ' ਵਿੱਚ ਮੇਰੀ ਚਿੱਠੀ ਨੂੰ ਸ਼ਾਮਲ ਕੀਤਾ ਗਿਆ ਅਤੇ ਪੜ੍ਹ ਕੇ ਸਰੋਤਿਆ ਨੂੰ ਸੁਣਾਇਆ ਗਿਆ ਜਿਸ ਵਿੱਚ ਕੈਂਸਰ ਨਾਲ ਲੜਨ ਦੀ ਪ੍ਰੇਰਣਾ ਦਿੱਤੀ ਗਈ ਸੀ।

### ਡਾ. ਸੁਖਵਿੰਦਰ ਸਿੰਘ ਪਰਮਾਰ (ਮੁਖੀ ਪੰਜਾਬੀ ਵਿਭਾਗ):

* ਪੁਸਤਕ 'ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ: ਸੂਖਮ ਅਧਿਐਨ' ਦਾ ਛੇਵਾਂ ਅਡੀਸ਼ਨ ਪ੍ਰਕਾਸ਼ਿਤ ਕਰਵਾਇਆ।
* ਪੰਜਾਬ ਸਰਕਾਰ ਅਤੇ ਉਚੇਰੀ ਸਿੱਖਿਆ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਪ੍ਰਸਿੱਧ ਗਲਪਕਾਰ ਬਲਦੇਵ ਸਿੰਘ ਸੜਕਨਾਮਾ ਦੇ ਵਿਦਿਆਰਥੀਆਂ, ਪਾਠਕਾਂ ਚਿੰਤਕਾਂ ਨਾਲ 'ਪੰਜਾਬੀ ਮਾਹ' ਦੌਰਾਨ ਰੂਬਰੂ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਅਦਾ ਕੀਤੀ।
* ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮੌਕੇ ਡਾ. ਰਤਨ ਸਿੰਘ ਢਿੱਲੋਂ - ਕਵੀ ਅਤੇ ਚਿੰਤਕ ਦੇ ਵਿਦਿਆਰਥੀਆਂ ਨਾਲ ਰੂਬਰੂ ਮੌਕੇ ਮੰਚ ਸੰਚਾਲਕ ਵਜੋਂ ਸੇਵਾ ਸੰਭਾਲੀ।
* 24 ਫਰਵਰੀ 2023 ਨੂੰ ਅੰਤਰ ਰਾਸ਼ਟਰੀ ਪੰਜਾਬੀ ਪਾਸਾਰ ਭਾਈਚਾਰਾ ਕੈਨੇਡਾ ਵੱਲੋਂ 'ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ' ਮੌਕੇ ਕਰਵਾਈ ਵਿਚਾਰ ਗੋਸ਼ਟੀ ਦੌਰਾਨ ਕਾਲਜ ਪ੍ਰਿੰਸੀਪਲ ਦੇ ਨੁਮਾਇੰਦੇ ਵਜੋਂ ਸਹਿ-ਮੇਜ਼ਮਾਨ ਦੀ ਭੂਮਿਕਾ ਨਿਭਾਈ।
* 1 ਮਾਰਚ 2023 ਤੋਂ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਸੇਵਾ ਸੰਭਾਲੀ।
* ਨਹਿਰੂ ਯੁਵਕ ਸੇਵਾਵਾਂ ਵਿਭਾਗ ਵੱਲੋਂ ਕਰਵਾਏ ਸਭਿਆਚਾਰਕ ਮੁਕਾਬਲਿਆਂ ਦੌਰਾਨ ਨਿਰਣਾਇਕ (Judge) ਦੀ ਭੂਮਿਕਾ ਅਦਾ ਕੀਤੀ।
* 23 ਫਰਵਰੀ 2023 ਨੂੰ ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਿਆ ਵਿਖੇ ਅੰਤਰ ਰਾਸ਼ਟਰੀ ਮਾਂ ਬੋਲੀ ਅਤੇ ਸਾਕਾ ਨਨਕਾਣਾ ਸਾਹਿਬ ਬਾਰੇ ਮੁੱਖ ਵਕਤਾ ਵਜੋਂ ਵਿਸਥਾਰ ਲੈਕਚਰ ਦਿੱਤਾ।
* ਬੈਸਟ ਆਊਟ ਆਫ਼ ਵੇਸਟ ਸੋਸਾਇਟੀ ਵਲੋਂ 'ਬਣਾਓ ਤੇ ਵੇਚੋ' ਮੁਹਿੰਮ ਮੌਕੇ ਮੰਚ ਸੰਚਾਲਨ ਕੀਤਾ।
* ਕਾਮਰਸ ਵਿਭਾਗ ਦੇ ਵਿਦਿਆਰਥੀਆਂ ਦੇ ਇੱਕਰੋਜ਼ਾ ਟੂਰ - ਕਸੌਲੀ/ਚੰਡੀਗੜ੍ਹ ਮੌਕੇ ਸਹਿ-ਇੰਚਾਰਜ ਵਜੋਂ ਭੂਮਿਕਾ ਨਿਭਾਈ।

### ਡਾ. ਮਨਦੀਪ ਕੌਰ (ਪੰਜਾਬੀ ਵਿਭਾਗ):

* 26 ਨਵੰਬਰ 2022 ਨੂੰ LBS Arya Mahila College Barnala ICSSR Sponsored National Seminar ਵਿੱਚ ਆਜ਼ਾਦੀ ਸੰਘਰਸ਼ ਵਿੱਚ ਕਵੀਆਂ ਦੀ ਦੇਣ ਦੇ ਵਿਸ਼ੇ ਤੇ ਪੇਪਰ ਪੜ੍ਹਿਆ।
* 7 ਮਾਰਚ 2023 ਨੂੰ ਕਾਲਜ ਵਿਖੇ ਮਨਾਏ ਗਏ ਅੰਤਰਰਾਸ਼ਟਰੀ ਮਹਿਲਾ ਦਿਵਸ ਦੌਰਾਨ ਸਟੇਜ ਸੰਚਾਲਕ ਦੀ ਡਿਊਟੀ ਨਿਭਾਈ।
* 22 ਮਾਰਚ 2023 ਨੂੰ ELC ਕਲੱਬ ਵੱਲੋਂ ਆਯੋਜਿਤ ਵਿਦਿਆਰਥੀਆਂ ਦਾ ਵਿਦਿਅਕ ਟੂਰ ਪੰਜਾਬ ਵਿਧਾਨ ਸਭਾ ਲੈ ਕੇ ਗਏ।

### ਡਾ. ਗੁਲਸ਼ਨਦੀਪ ਦਾਨੀਆ (ਪੋਲੀਟੀਕਲ ਸਾਇੰਸ ਵਿਭਾਗ):

* NSS Unit-4 Girls ਦੇ ਕੈਂਪ ਵਿੱਚ ਬੇਟੀ ਬਚਾਓ, ਬੇਟੀ ਪੜ੍ਹਾਓ ਲਈ ਪਿੰਡ ਮੰਗਵਾਲ ਵਿੱਚ ਰੈਲੀ ਵਿੱਚ ਹਿੱਸਾ ਲਿਆ।
* ਪਿੰਡ ਦੇ ਹਾਈ ਸਕੂਲ ਵਿਚ NSS unit -4 ਦੀਆਂ ਵਿਦਿਆਰਥਣਾਂ ਨਾਲ ਬੱਚਿਆ ਦੀ ਕਾਊਂਸਲਿੰਗ ਕੀਤੀ।
* SVEEP/ELC/VAF ਦੀ ਕਮੇਟੀ ਮੈਂਬਰ ਦੇ ਤੌਰ ਤੇ ਵੋਟ ਬਣਾਓ ਵੋਟ ਪਾਓ ਤੇ ਸੈਮੀਨਾਰ ਕਰਵਾਇਆ।
* ਮਿਤੀ 26-11-22 "Ghadar Movement" ISBN 978-93 ਵਿੱਚ ਆਪਣਾ ਪੇਪਰ 'Komagata Maro' A Cursed Voyage ਛਪਵਾਇਆ।
* ਮਿਤੀ 07-3-23 ਨੂੰ Women's Day ਤੇ "Self Love" 'ਤੇ ਭਾਸ਼ਣ ਦਿੱਤਾ।

### ਪ੍ਰੋ. ਜਗਤਾਰ ਸਿੰਘ (ਪੰਜਾਬੀ ਵਿਭਾਗ) :

* ਮਿਤੀ 14, 15 ਮਾਰਚ 2023 ਨੂੰ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਵਿਖੇ ਆਯੋਜਿਤ ਯੂਥ ਰੈੱਡ ਕਰਾਸ ਕਾਊਂਸਲਰ ਵਰਕਸ਼ਾਪ ਵਿਚ ਪ੍ਰੋ. ਜਗਤਾਰ ਸਿੰਘ ਜੀ ਨੇ ਟਰੇਨਿੰਗ ਲਈ।
* ਮਿਤੀ 27-3-23 ਤੋਂ 31-3-23 ਤੱਕ ਸਟੇਟ ਯੂਥ ਰੈੱਡ ਕਰਾਸ ਕੈਂਪ ਜੋ ਕਿ ਚੰਡੀਗੜ੍ਹ ਯੂਨੀਵਰਸਿਟੀ ਘੜੂੰਆ ਵਿਖੇ ਲਗਾਇਆ ਗਿਆ। ਜਿਸ ਵਿੱਚ ਕਾਲਜ ਦੇ 8 ਵਿਦਿਆਰਥੀਆਂ (4 ਲੜਕੇ ਅਤੇ 4 ਲੜਕੀਆਂ) ਨੇ ਭਾਗ ਲਿਆ। ਇਸ ਵਿੱਚ ਇੰਚਾਰਜ ਦੇ ਤੌਰ 'ਤੇ ਪ੍ਰੋ. ਜਗਤਾਰ ਸਿੰਘ ਜੀ ਨੇ ਆਪਣੀ ਡਿਊਟੀ ਨਿਭਾਈ।

## ਧੰਨਵਾਦ

ਮੈਂ ਅੱਜ ਦੀ ਮੁੱਖ – ਮਹਿਮਾਨ ਮਾਣਯੋਗ ਸ੍ਰੀਮਤੀ ਨਰਿੰਦਰ ਕੌਰ ਭਰਾਜ ਜੀ ਅਤੇ ਵਿਸ਼ੇਸ਼-ਮਹਿਮਾਨ ਡਾ. ਪ੍ਰੇਰਮਿੰਦਰ
ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣੇ ਰੁਝੇਵਿਆਂ ਵਿੱਚੋਂ ਕੀਮਤੀ ਸਮਾਂ ਕੱਢਕੇ ਇਸ ਸਾਲਾਨਾ ਇਨਾਮ
ਸਮਾਰੋਹ ਵਿੱਚ ਵਿਦਿਆਰਥੀਆਂ ਨੂੰ ਇਨਾਮ ਪ੍ਰਦਾਨ ਕਰਕੇ ਉਨ੍ਹਾਂ ਦਾ ਹੌਂਸਲਾ ਵਧਾਇਆ ਹੈ।

ਮੈਂ ਆਪ ਸਾਰਿਆਂ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜੋ ਕਿ ਆਪ ਸਭ ਨੇ ਆਪਣੇ ਕੀਮਤੀ ਰੁਝੇਵਿਆਂ ਵਿੱਚੋ
ਕੱਢਕੇ ਇਥੇ ਦਰਸ਼ਨ ਦੇ ਕੇ ਸਾਨੂੰ ਨਿਵਾਜਿਆ ਹੈ। ਮੈਂ ਮਾਣਯੋਗ ਮੁੱਖ ਮੰਤਰੀ, ਉੱਚੇਰੀ ਸਿੱਖਿਆ ਮੰਤਰੀ, ਪ੍ਰਿੰਸੀਪਲ ਸ
ਉੱਚੇਰੀ ਸਿੱਖਿਆ ਵਿਭਾਗ, ਡੀ.ਪੀ.ਆਈ. ਕਾਲਜਾਂ, ਸਥਾਨਕ ਐਮ.ਪੀ., ਜ਼ਿਲ੍ਹਾ ਪ੍ਰਸ਼ਾਸ਼ਨ, ਪੁਲਿਸ ਵਿਭਾਗ, ਮੀਡੀਆ, ਸੰ
ਸ਼ਹਿਰ ਵਾਸੀਆਂ, ਇਸ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਸਮੂਹ ਅਧਿਕਾਰੀਆਂ ਦਾ ਅਤਿ ਧੰਨਵਾਦੀ ਹਾਂ, ਜਿਨ੍ਹਾਂ ਨੇ ਕਾਲ
ਵਿਕਾਸ ਅਤੇ ਪ੍ਰਬੰਧ ਵਿੱਚ ਸਕਾਰਾਤਮਕ ਯੋਗਦਾਨ ਦਿੱਤਾ ਹੈ। ਮੈਂ ਕਾਲਜ ਦੇ ਟੀਚਿੰਗ, ਨਾਨ-ਟੀਚਿੰਗ, ਐਚ.ਈ.ਆਈ.ਐ
ਸਮੂਹ ਸਟਾਫ਼ ਅਤੇ ਦਰਜਾ ਚਾਰ ਕਰਮਚਾਰੀਆਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਕਾਲਜ ਦੀ ਹਰ ਗਤੀਵਿਧੀ ਵਿੱਚ ਬੜੀ ਮਿਹ
ਲਗਨ ਅਤੇ ਤਨਦੇਹੀ ਨਾਲ ਕੰਮ ਕੀਤਾ ਹੈ। ਕਾਲਜ ਦੀਆਂ ਪ੍ਰਾਪਤੀਆਂ ਲਈ ਆਪ ਸਭ ਅਤੇ ਕਾਲਜ ਦੇ ਸਾਰੇ ਵਿਦਿਆ
ਵਧਾਈ ਦੇ ਪਾਤਰ ਹੋ। ਇੱਕ ਵਾਰ ਫਿਰ ਅੱਜ ਦੇ ਸਾਰੇ ਇਨਾਮ-ਸਨਮਾਨ ਧਾਰਕ ਵਿਦਿਆਰਥੀਆਂ ਨੂੰ ਬਹੁਤ – ਬਹੁਤ ਮੁਬਾਰ

### ਜੈ ਹਿੰਦ

ਸ੍ਰ. ਸੁਖਬੀਰ ਸਿੰਘ (ਪੀ.ਈ.ਐਸ
ਪ੍ਰਿੰ
ਸਰਕਾਰੀ ਰਣਬੀਰ ਕਾਲਜ, ਸੰ




## ਕਾਲਜ ਦੇ ਸੰਸਥਾਪਕ

## Founder of the College

## 1878-1948

Vision:

To impart education in a way so as to bring out the higher qualities of mind, body and character of the learners.

Mission:

Transmission of knowledge and education of the masses in the rural, semi-urban and Urban areas of the region .

Imparting higher education to all sections of the Society.

Promotion of Punjabi Language and Culture.

Involving the youth in community activities through Youth welfare, NCC, NSS and Red Cross to inculcate a sense of discipline in them so as to make them responsible citizens of the nation with secular outlook.

Transforming the faculty and students to respect all religions and cultures for making them sensitive global citizens.










# GOVT. RANBIR COLLEGE, SANGRUR

Affiliated to Punjabi University, Patiala
(NAAC Reaccredited Under Cycle II-'B' Grade)

E-mail: gcsangrur@gmail.com, ranbircollege@rediffmail.com
www.ranbir.collegesangrur.org
Telefax : 01672-234133

Shiva Printers SNG 92167-00271